# ਗਵਾਹ ਬਣਨਾ

ਬੱਚਿਆਂ ਸੰਬੰਧੀ ਸੁਣਵਾਈ ਲਈ ਕੋਰਟ ਦੀ ਕਾਰਵਾਈ
ਨੌਜਵਾਨਾਂ ਲਈ ਪੁਸਤਿਕਾ

# ਗਵਾਹ ਬਣਨਾ

ਬੱਚਿਆਂ ਸੰਬੰਧੀ ਸੁਣਵਾਈ ਲਈ ਕੋਰਟ ਦੀ ਕਾਰਵਾਈ
ਨੌਜਵਾਨਾਂ ਲਈ ਪੁਸਤਿਕਾ

ਸਪ੍ਰਿੰਗਬਰਨ ਦੇ ਐਲਬਰਟ ਪ੍ਰਾਇਮਰੀ ਸਕੂਲ ਅਤੇ ਪੋਲਕਸ਼ੀਲਡਜ਼ ਦੇ ਗਲੈਂਡੇਲ ਪ੍ਰਾਇਮਰੀ ਸਕੂਲ ਦੇ ਬੱਚਿਆਂ ਦਾ ਵਿਸ਼ੇਸ਼ ਧੰਨਵਾਦ

ਚਿਤਰਕਾਰ ਐਲੀਨਰ ਮੈਰਿਡਿਥ,
ਡੰਕਨ ਆਫ਼ ਜਾਰਡਨਸਟੋਨ ਕਾਲਜ ਆਫ਼ ਆਰਟ ਐਂਡ ਡਿਜ਼ਾਈਨ, ਯੂਨੀਵਰਸਿਟੀ ਆਫ਼ ਡੰਡੀ

ਐਸਟਰਾਨ ਵਲੋਂ ਸਕਾਟਿਸ਼ ਐਗਜ਼ੈਕਟਿਵ ਲਈ ਤਿਆਰ ਕੀਤੀ ਗਈ B41393 06/05
ਸਕਾਟਿਸ਼ ਐਗਜ਼ੈਕਟਿਵ ਵਲੋਂ ਪ੍ਰਕਾਸ਼ਤ ਕੀਤੀ ਗਈ, ਜੂਨ 2005
ਇਹ ਪੂਰੀ ਦੀ ਪੂਰੀ ਦਸਤਾਵੇਜ਼ ਰੀਸਾਈਕਲ ਕੀਤੇ ਕਾਗ਼ਜ਼ 'ਤੇ ਛਾਪੀ ਗਈ ਹੈ ਅਤੇ ਇਹ 100% ਰੀਸਾਈਕਲਯੋਗ ਹੈ।

# ਤਤਕਰਾ


01 ਭੂਮਿਕਾ

02 ਗਵਾਹ ਕੀ ਹੁੰਦਾ ਹੈ?

04 ਗਵਾਹ ਬਣਨ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?

06 ਕੌਣ ਤੁਹਾਡੀ ਮਦਦ ਕਰ ਸਕਦਾ ਹੈ?

08 ਕੋਰਟ ਵਿੱਚ ਤੁਹਾਡੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

09 ਕੋਰਟ

10 ਕੋਰਟ ਰੂਮ ਵਿੱਚ ਕੌਣ ਕੌਣ ਹੁੰਦਾ ਹੈ ਅਤੇ ਉਨ੍ਹਾਂ ਦੇ ਕੀ ਕੰਮ ਹਨ?

11 ਕੋਰਟ ਵਿੱਚ ਸੁਣਵਾਈ – ਤੁਸੀਂ ਕੀ ਕਰਨਾ ਹੈ?

12 ਕੋਰਟ ਨੂੰ ਉਹ ਕੁਝ ਦਸਣਾ ਜੋ ਤੁਸੀਂ ਜਾਣਦੇ ਹੋ

14 ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਿਸ਼ੇਸ਼ ਢੰਗ

16 ਟੈਲੀਵਿਯਨ ਲਿੰਕ ਦੀ ਵਰਤੋਂ

18 ਸਕ੍ਰੀਨ ਦੀ ਵਰਤੋਂ

20 ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

21 ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਇਕ ਹੋਰ ਵਿਸ਼ੇਸ਼ ਢੰਗ

22 ਵਿਸ਼ੇਸ਼ ਢੰਗ ਦੀ ਚੋਣ

23 ਕੋਰਟ ਦੀ ਫੇਰੀ

24 ਗਵਾਹ ਬਣਨ ਦੀ ਉਡੀਕ ਵਿੱਚ

25 ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਤੋਂ ਬਾਅਦ ਕੀ ਹੁੰਦਾ ਹੈ?

26 ਸਹਾਇਤਾ ਦੀ ਮੰਗ ਕਰਨਾ ਯਾਦ ਰਖੋ

28 ਸਵਾਲ?

29 ਕੀ ਤੁਹਾਡੇ ਕੋਈ ਹੋਰ ਸਵਾਲ ਹਨ?

30 ਗਲਾਸਰੀ – ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹਨ?

# ਭੂਮਿਕਾ

ਤੁਹਾਨੂੰ ਇਹ ਪੁਸਤਿਕਾ ਇਸ ਲਈ ਦਿਤੀ ਗਈ ਹੈ ਕਿ ਤੁਸੀਂ ਬੱਚਿਆਂ ਦੀ ਸੁਣਵਾਈ ਲਈ ਕੋਰਟ ਦੇ ਇਕ ਕੇਸ ਵਿੱਚ ਗਵਾਹ ਬਣਨ ਵਾਲੇ ਹੋ।

ਤੁਹਾਨੂੰ ਸੰਭਵ ਤੌਰ 'ਤੇ ਇਸ ਸੰਬੰਧ ਵਿੱਚ ਬੱਚਿਆਂ ਬਾਰੇ ਰਿਪੋਰਟਰ ਜਾਂ ਇਕ ਵਕੀਲ ਦਾ ਪਤੱਰ ਮਿਲ ਗਿਆ ਹੈ।

ਕੁਝ ਵਿਅਕਤੀਆਂ ਨੂੰ, ਉਨ੍ਹਾਂ ਨੂੰ ਗਵਾਹ ਬਣਨ ਲਈ ਕਹੇ ਜਾਣ 'ਤੇ ਚਿੰਤਾ ਹੁੰਦੀ ਹੈ। ਕੁਝ ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ ਗਵਾਹ ਬਣਨ ਦਾ ਕੀ ਮਤਲਬ ਹੈ।

ਇਸ ਪੁਸਤਿਕਾ ਵਿੱਚ ਤੁਹਾਨੂੰ ਗਵਾਹ ਬਣਨ ਸੰਬੰਧੀ ਵਧੇਰੇ ਜਾਣਕਾਰੀ ਦਿਤੀ ਗਈ ਹੈ ਅਤੇ ਕੁਝ ਮਹਤੱਵਪੂਰਨ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕੋਰਟਾਂ ਵਿੱਚ ਅਕਸਰ ਅਜਿਹੇ ਸ਼ਬਦ ਵਰਤੇ ਜਾਂਦੇ ਹਨ, ਜੋ ਤੁਸੀਂ ਸ਼ਾਇਦ ਪਹਿਲਾਂ ਨਹੀਂ ਸੁਣੇ ਹੋਣੇ। ਇਨ੍ਹਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਲਈ ਇਸ ਪੁਸਤਿਕਾ ਦੇ ਅੰਤ 'ਤੇ ਅਜਿਹੇ ਕੁਝ ਸ਼ਬਦਾਂ ਦੀ ਲਿਸਟ ਦਿਤੀ ਗਈ ਹੈ।

# ਗਵਾਹ ਕੀ ਹੁੰਦਾ ਹੈ?

ਗਵਾਹ ਉਹ ਵਿਅਕਤੀ ਹੁੰਦਾ ਹੈ, ਜਿਸਨੂੰ ਸ਼ਾਇਦ ਕਿਸੇ ਮਹਤੱਵਪੂਰਨ ਗਲ ਦਾ ਪਤਾ ਹੁੰਦਾ ਹੈ।

ਬੱਚਿਆਂ ਦੀ ਸੁਣਵਾਈ ਲਈ ਕੋਰਟ ਕੇਸ ਆਮ ਕਰਕੇ ਕਿਸੇ ਬੱਚੇ ਜਾਂ ਨੌਜਵਾਨ ਸੰਬੰਧੀ ਸਰੋਕਾਰਾਂ ਨਾਲ ਸ਼ੁਰੂ ਹੁੰਦਾ ਹੈ। ਹੋ ਸਕਦਾ ਹੈ ਕਿ ਤੁਸੀਂ ਕੁਝ ਵੇਖਿਆ ਹੋਵੇ ਜਾਂ ਸੁਣਿਆ ਹੋਵੇ ਜਾਂ ਤੁਹਾਡੇ ਨਾਲ ਕੁਝ ਵਾਪਰਿਆ ਹੋਵੇ।

ਤੁਸੀਂ ਸੰਭਵ ਤੌਰ 'ਤੇ ਪੁਲੀਸ, ਕਿਸੇ ਸੋਸ਼ਲ ਵਰਕਰ ਜਾਂ ਵਕੀਲ ਨਾਲ ਗਲ ਕਰ ਚੁਕੇ ਹੋ ਅਤੇ ਉਨ੍ਹਾਂ ਨੂੰ ਉਹ ਕੁਝ ਦਸ ਚੁਕੇ ਹੋ, ਜੋ ਤੁਸੀਂ ਜਾਣਦੇ ਹੋ।

ਪੁਲੀਸ ਅਤੇ ਸੋਸ਼ਲ ਵਰਕਰਾਂ ਨੇ ਹਰ ਗਲ ਦੀ ਤਹਿਕੀਕਾਤ ਕਰਨ ਤੋਂ ਬਾਅਦ, ਹੋ ਸਕਦਾ ਹੈ ਕਿ ਬੱਚਿਆਂ ਸੰਬੰਧੀ ਰਿਪੋਰਟਰ ਨੂੰ ਰਿਪੋਰਟ ਭੇਜੀ ਹੋਵੇ। ਰਿਪੋਰਟਰ ਦਾ ਕੰਮ ਇਹ ਫ਼ੈਸਲਾ ਕਰਨਾ ਹੈ, ਕਿ ਕੀ ਇਹ ਕੇਸ ਬੱਚਿਆਂ ਦੀ ਸੁਣਵਾਈ ਲਈ ਜਾਣਾ ਚਾਹੀਦਾ ਹੈ।

ਕਦੀ ਕਦੀ ਬੱਚਿਆਂ ਦੀ ਸੁਣਵਾਈ ਵਿੱਚ ਵਿਅਕਤੀ ਇਸ ਬਾਰੇ ਸਹਿਮਤ ਨਹੀਂ ਹੁੰਦੇ ਕਿ ਕੀ ਹੋਇਆ ਸੀ; ਜਾਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਕੀ ਹੋਇਆ ਸੀ। ਬੱਚਿਆਂ ਦੀ ਸੁਣਵਾਈ ਬਾਰੇ ਕੇਸ ਫਿਰ ਸ਼ਾਇਦ ਕੋਰਟ ਵਿੱਚ ਭੇਜਣਾ ਪਵੇ।

ਹੁਣ ਤੁਹਾਨੂੰ ਕੋਰਟ ਨੂੰ ਉਹ ਕੁਝ ਦਸਣਾ ਪੈ ਸਕਦਾ ਹੈ ਜੋ ਤੁਸੀਂ ਜਾਣਦੇ ਹੋ। ਇਸ ਨੂੰ ਤੁਹਾਡੀ 'ਗਵਾਹੀ' ਕਿਹਾ ਜਾਂਦਾ ਹੈ।

ਤੁਹਾਡੇ ਵਲੋਂ ਅਤੇ ਹੋਰ ਗਵਾਹਾਂ ਵਲੋਂ ਗਵਾਹੀਆਂ ਦਿਤੇ ਜਾਣ ਤੋਂ ਬਾਅਦ ਇਸ ਬਾਰੇ ਫ਼ੈਸਲਾ ਹੋ ਸਕਦਾ ਹੈ ਕਿ ਕੀ ਹੋਇਆ ਸੀ ਅਤੇ ਅਗੋਂ ਕੀ ਕਰਨਾ ਚਾਹੀਦਾ ਹੈ।

ਕੋਰਟ ਕੇਵਲ ਤੁਹਾਡੇ ਜਹੇ ਗਵਾਹਾਂ ਵਲੋਂ ਦਿਤੀ ਜਾਣ ਵਾਲੀ ਸੂਚਨਾ ਦੀ ਸਹਾਇਤਾ ਨਾਲ ਫ਼ੈਸਲਾ ਕਰ ਸਕਦੀ ਹੈ।

# ਗਵਾਹ ਬਣਨ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?

ਬਹੁਤ ਸਾਰੇ ਨੌਜਵਾਨ ਗਵਾਹ ਹੁੰਦੇ ਹਨ, ਇਸਲਈ ਤੁਹਾਨੂੰ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਤੁਸੀਂ ਇਕੱਲੇ ਹੋ।

ਗਵਾਹ ਬਣਨਾ ਬਹੁਤ ਮਹਤੱਵਪੂਰਨ ਕੰਮ ਹੈ।
ਇਹ ਸਚਾਈ ਨੂੰ ਬਿਆਨ ਕਰਨਾ ਹੈ।

ਕੁਝ ਲੋਕ ਗਵਾਹ ਬਣਨ ਜਾਂ ਕੋਰਟ ਵਿੱਚ ਜਾਣ ਬਾਰੇ ਬਹੁਤਾ ਕੁਝ ਨਹੀਂ ਜਾਣਦੇ। ਫ਼ਿਕਰ ਨਾਂਹ ਕਰੋ। ਤੁਹਾਡੀ ਸਹਾਇਤਾ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ।

ਤੁਹਾਨੂੰ ਇਕ ਪਤੱਰ ਮਿਲ ਚੁਕਾ ਹੋਵੇਗਾ, ਜਿਸ ਵਿੱਚ ਤੁਹਾਨੂੰ ਗਵਾਹ ਵਜੋਂ ਪੇਸ਼ ਹੋਣ ਲਈ ਤਾਰੀਖ਼ ਅਤੇ ਸਮਾਂ ਦਸਿਆ ਗਿਆ ਹੋਵੇਗਾ।

ਜੇ ਕਿਸੇ ਅਹਿਮ ਵਜ੍ਹਾ ਕਰਕੇ ਉਹ ਤਾਰੀਖ਼ ਤੁਹਾਡੇ ਲਈ ਮੁਸ਼ਕਲ ਹੋਵੇ, ਮਿਸਾਲ ਵਜੋਂ ਉਸ ਦਿਨ ਸਕੂਲ ਵਿੱਚ ਤੁਹਾਡਾ ਮਿਤਿਹਾਨ ਹੋਵੇ, ਤਾਂ ਤੁਹਾਨੂੰ ਜਿੰਨੀ ਛੇਤੀ ਹੋ ਸਕੇ ਰਿਪੋਰਟਰ ਜਾਂ ਵਕੀਲ ਨੂੰ ਦਸ ਦੇਣਾ ਚਾਹੀਦਾ ਹੈ।

ਹੇਠਾਂ ਕੁਝ ਸਵਾਲ ਦਿਤੇ ਗਏ ਹਨ, ਜੋ ਹੋਰ ਨੌਜਵਾਨਾਂ ਨੇ ਪੁਛੇ ਹਨ।

ਕੋਰਟ ਵਿੱਚ ਕੀ ਹੁੰਦਾ ਹੈ?

ਕੋਰਟ ਵਿੱਚ ਕੌਣ ਕੌਣ ਹੋਵੇਗਾ?

ਕੀ ਮੈਨੂੰ ਓਥੇ ਕੋਈ ਅਜਿਹਾ ਵਿਅਕਤੀ ਵੇਖਣਾ ਪਵੇਗਾ ਜਿਸਤੋਂ ਮੈਨੂੰ ਡਰ ਆਉਂਦਾ ਹੋਵੇ?

ਕੀ ਮੈਂ ਸੁਰੱਖਿਅਤ ਹੋਵਾਂਗਾ?

ਕੀ ਮੈਨੂੰ ਇਕੱਲਿਆਂ ਹੀ ਸਭ ਕੁਝ ਕਰਨਾ ਪਵੇਗਾ?

ਕੀ ਮੈਂ ਕੋਈ ਗ਼ਲਤ ਕੰਮ ਕੀਤਾ ਹੈ?

ਮੈਂ ਸਕੂਲ ਵਿੱਚ ਜਾਂ ਦੋਸਤਾਂ ਨੂੰ ਕੀ ਕਹਾਂਗਾ?

ਜਦੋਂ ਮੈਂ ਗਵਾਹ ਬਣਾਂ ਤਾਂ ਕੌਣ ਮੇਰੀ ਮਦਦ ਕਰ ਸਕਦਾ ਹੈ?

ਇਸ ਪੁਸਤਿਕਾ ਵਿੱਚ ਦਿਤੀ ਗਈ ਸੂਚਨਾ ਤੋਂ ਇਨ੍ਹਾਂ ਸਵਾਲਾਂ ਦੇ ਜਵਾਬ ਮਿਲ ਸਕਣਗੇ।

# ਕੌਣ ਤੁਹਾਡੀ ਮਦਦ ਕਰ ਸਕਦਾ ਹੈ?

ਬਹੁਤ ਸਾਰੇ ਵਿਅਕਤੀ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ।

ਆਪਣੇ ਦੋਸਤਾਂ ਨਾਲ ਗਲ ਕਰਨ ਤੋਂ ਵੀ ਕਦੀ ਕਦੀ ਸਹਾਇਤਾ ਮਿਲਦੀ ਹੈ, ਪਰ ਜੇ ਤੁਸੀਂ ਅਜਿਹਾ ਹੀਂ ਕਰਨਾ ਚਾਹੁੰਦੇ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਆਪਣੇ ਪਰਿਵਾਰ ਵਿੱਚ ਕਿਸੇ ਨਾਲ ਜਾਂ ਆਪਣੇ ਸਕੂਲ ਵਿੱਚ ਕਿਸੇ ਨਾਲ ਗਲ ਕਰਨਾ ਵਧੇਰੇ ਆਸਾਨ ਜਾਪੇ। ਹੇਠਾਂ ਕੁਝ ਲੋਕਾਂ ਬਾਰੇ ਜਾਣਕਾਰੀ ਦਿਤੀ ਗਈ ਹੈ, ਜਿਨ੍ਹਾਂ ਦਾ ਕੰਮ ਤੁਹਾਡੀ ਸਹਾਇਤਾ ਕਰਨਾ ਹੈ:

ਬੱਚਿਆਂ ਸੰਬੰਧੀ ਰਿਪੋਰਟਰ ਤੁਹਾਡੀ ਮਦਦ ਕਰ ਸਕਦਾ ਹੈ। ਸ਼ਾਇਦ ਤੁਸੀਂ ਉਸ ਨਾਲ ਗਲ ਕਰ ਚੁਕੇ ਹੋ, ਜਦੋਂ ਉਸਨੇ ਤੁਹਾਡੇ ਕੋਲੋਂ ਤੁਹਾਡੀ ਗਵਾਹੀ ਬਾਰੇ ਸਵਾਲ ਪੁਛੇ ਹੋਣ। ਉਹ ਤੁਹਾਨੂੰ ਕੋਰਟ ਬਾਰੇ ਜਾਣਕਾਰੀ ਦੇਵੇਗਾ ਅਤੇ ਸਮਝਾਏਗਾ ਕਿ ਉਥੇ ਕੀ ਹੋਵੇਗਾ।

ਇਕ ਵਕੀਲ ਨੇ ਸ਼ਾਇਦ ਤੁਹਾਨੂੰ ਗਵਾਹ ਬਣਨ ਲਈ ਕਿਹਾ ਹੋਵੇਗਾ। ਤੁਹਾਨੂੰ ਚਾਹੀਦਾ ਹੈ ਕਿ ਉਸਨੂੰ ਮਦਦ ਕਰਨ ਲਈ ਕਹੋ।

ਇਕ ਸ਼ੋਸ਼ਲ ਵਰਕਰ ਉਹ ਵਿਅਕਤੀ ਹੈ, ਜੋ ਵਧੀਕ ਸਹਾਇਤਾ ਦੀ ਲੋੜ ਵਾਲੇ ਲੋਕਾਂ ਲਈ ਕੰਮ ਕਰਦਾ ਹੈ। ਉਹ ਤੁਹਾਡੀ ਗਲ ਸੁਣੇਗਾ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਦਾ ਜਤਨ ਕਰੇਗਾ।

ਸੇਫ਼ਗਾਰਡਰ। ਕੁਝ ਹਾਲਤਾਂ ਵਿੱਚ ਇਕ ਵਿਅਕਤੀ, ਜਿਸਨੂੰ ਸੇਫ਼ਗਾਰਡਰ ਕਿਹਾ ਜਾਂਦਾ ਹੈ ਤੁਹਾਡੀ ਸਹਾਇਤਾ ਲਈ ਮੌਜੂਦ ਹੋਵੇਗਾ।

# ਕੋਰਟ ਵਿੱਚ ਤੁਹਾਡੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

ਹੋ ਸਕਦਾ ਹੈ ਕਿ ਬੱਚਿਆਂ ਸੰਬੰਧੀ ਰਿਪੋਰਟਰ ਜਾਂ ਵਕੀਲ ਤੁਹਾਡੇ ਕੋਲੋਂ ਸਵਾਲ ਪੁਛਣੇ ਚਾਹੇ। ਇਸ ਨਾਲ ਉਸਨੂੰ ਕੋਰਟ ਲਈ ਕੇਸ ਤਿਆਰ ਕਰਨ ਵਿੱਚ ਮਦਦ ਮਿਲਦੀ ਹੈ।

ਉਹ ਤੁਹਾਨੂੰ ਇਕ ਪਤੱਰ ਭੇਜੇਗਾ, ਜਿਸ ਵਿੱਚ ਦਸਿਆ ਹੋਵੇਗਾ ਕਿ ਤੁਸੀਂ ਕਦੋਂ ਉਸ ਨੂੰ ਮਿਲਣ ਲਈ ਜਾਉ। ਤੁਸੀਂ ਸਾਥ ਅਤੇ ਸਮਰਥਨ ਲਈ ਇਕ ਬਾਲਗ਼ ਨੂੰ ਆਪਣੇ ਨਾਲ ਲਿਜਾ ਸਕਦੇ ਹੋ। ਉਸਨੂੰ ਪੁਛੋ ਕਿ ਮੀਟਿੰਗ ਦੌਰਾਨ ਜੇ ਇਹ ਵਿਅਕਤੀ ਤੁਹਾਡੇ ਨਾਲ ਬੈਠੇ ਤਾਂ ਕੋਈ ਹਰਜ ਤਾਂ ਨਹੀਂ।

ਹੋ ਸਕਦਾ ਹੈ ਕਿ ਹੋਰ ਵਕੀਲ ਵੀ ਤੁਹਾਡੇ ਨਾਲ ਗਲ ਕਰਨੀ ਚਾਹੁਣ ਅਤੇ ਤੁਹਾਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਕਿਥੇ ਮਿਲਣਾ ਚਾਹੋਗੇ। ਕੁਝ ਨੌਜਵਾਨ ਇਹ ਗਲ ਪਸੰਦ ਕਰਦੇ ਹਨ ਕਿ ਵਕੀਲ ਉਨ੍ਹਾਂ ਦੇ ਘਰ ਆਉਣ; ਕੁਝ ਹੋਰ

ਨੌਜਵਾਨ, ਵਕੀਲਾਂ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਣ ਨੂੰ ਤਰਜੀਹ ਦਿੰਦੇ ਹਨ। ਇਸਦਾ ਫ਼ੈਸਲਾ ਤੁਸੀਂ ਕਰ ਸਕਦੇ ਹੋ। ਤੁਸੀਂ ਅਜਿਹੇ ਵਕਤ ਦਾ ਸੁਝਾਅ ਵੀ ਦੇ ਸਕਦੇ ਹੋ ਜੋ ਤੁਹਾਡੇ ਲਈ ਸਭ ਤੋਂ ਵਧ ਢੁਕਵਾਂ ਹੋਵੇ। ਤੁਸੀਂ ਕਿਸੇ ਨੂੰ ਆਪਣੇ ਨਾਲ ਬਿਠਾ ਵੀ ਸਕਦੇ ਹੋ, ਬਸ਼ਰਤੇ ਕਿ ਉਹ ਆਪ ਗਵਾਹ ਨਾਂਹ ਹੋਵੇ।

ਜਦੋਂ ਰਿਪੋਰਟਰ ਜਾਂ ਵਕੀਲ ਤੁਹਾਡੇ ਕੋਲੋਂ ਸਵਾਲ ਪੁਛਣ, ਤਾਂ ਤੁਹਾਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ।

ਇਸ ਪੁਸਤਿਕਾ ਨੂੰ ਪੜ੍ਹ ਲੈਣ ਤੋਂ ਬਾਅਦ ਵੀ ਹੋ ਸਕਦਾ ਹੈ ਕਿ ਤੁਸੀਂ ਕੁਝ ਸਵਾਲ ਪੁਛਣੇ ਚਾਹੋ। ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ।

# ਕੋਰਟ

ਸਕਾਟਲੈਂਡ ਭਰ ਵਿੱਚ ਕੋਰਟਾਂ ਹਨ ਅਤੇ ਉਹ ਵਖ ਵਖ ਤਰ੍ਹਾਂ ਦੇ ਕੇਸਾਂ ਨਾਲ ਨਜਿੱਠਦੀਆਂ ਹਨ।

ਕਦੀ ਕਦੀ ਕੋਰਟਾਂ ਅਜਿਹੇ ਮੁਕਦੱਮਿਆਂ ਨਾਲ ਨਜਿੱਠਦੀਆਂ ਹਨ, ਜਿਨ੍ਹਾਂ ਵਿੱਚ ਕਿਸੇ 'ਤੇ ਕਾਨੂੰਨ ਭੰਗ ਕਰਨ ਦਾ ਦੋਸ਼ ਹੁੰਦਾ ਹੈ। ਕੁਝ ਹੋਰ ਹਾਲਤਾਂ ਵਿੱਚ ਕੋਰਟਾਂ ਬੱਚਿਆਂ ਸੰਬੰਧੀ ਸੁਣਵਾਈ ਬਾਰੇ ਫ਼ੈਸਲਿਆਂ ਨਾਲ ਨਜਿੱਠਦੀਆਂ ਹਨ।

ਸ਼ੈਰਿਫ਼ ਕੋਰਟ ਦਾ ਇਨਚਾਰਜ ਹੁੰਦਾ ਹੈ। ਉਸਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਗਵਾਹ ਸਮੇਤ ਨੌਜਵਾਨ ਗੁਆਹਾਂ ਦੇ, ਕੋਰਟ ਨੂੰ ਉਹ ਸਭ ਕੁਝ ਦਸ ਸਕਣ ਜੋ ਉਹ ਜਾਣਦੇ ਹਨ।

ਸ਼ੈਰਿਫ਼ ਤੁਹਾਡੀ ਗਵਾਹੀ ਸੁਣੇਗਾ ਅਤੇ ਇਸ ਬਾਰੇ ਅੰਤਮ ਫ਼ੈਸਲਾ ਕਰੇਗਾ ਕਿ ਅਗੋਂ ਕੀ ਹੋਣਾ ਚਾਹੀਦਾ ਹੈ।

ਬਹੁਤ ਸਾਰੀਆਂ ਕੋਰਟਾਂ ਦੀਆਂ ਇਮਾਰਤਾਂ ਵਿੱਚ ਇਕ ਤੋਂ ਵਧ ਕੋਰਟ ਰੂਮ ਹੁੰਦੇ ਹਨ।

# ਕੋਰਟ ਰੂਮ ਵਿੱਚ ਕੌਣ ਕੌਣ ਹੁੰਦਾ ਹੈ ਅਤੇ ਉਨ੍ਹਾਂ ਦੇ ਕੀ ਕੰਮ ਹਨ?

ਸ਼ੈਰਿਫ਼ ਹਮੇਸ਼ਾ ਕੋਰਟ ਵਿੱਚ ਹੁੰਦਾ ਹੈ। ਉਸਦੇ ਕੰਮ ਦਾ ਸਭ ਤੋਂ ਅਹਿਮ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਹਰ ਇਕ ਕਾਰਵਾਈ ਨਿਆਂਪੂਰਨ ਹੋਵੇ ਅਤੇ ਕੋਰਟ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ।

ਬੱਚਿਆਂ ਸੰਬੰਧੀ ਰਿਪੋਰਟਰ ਜਾਂ ਵਕੀਲ: ਇਹ ਉਹ ਵਿਅਕਤੀ ਹਨ, ਜੋ ਸਵਾਲ ਪੁਛਦੇ ਹਨ ਤਾਂ ਜੋ ਗਵਾਹ, ਗਵਾਹੀਆਂ ਦੇ ਸਕਣ।

ਕਲਰਕ: ਇਹ ਵਿਅਕਤੀ ਕੋਰਟ ਦੇ ਕਾਗ਼ਜ਼ ਪਤੱਰਾਂ ਅਤੇ ਰਿਕਾਰਡਾਂ ਲਈ ਜ਼ਿਮੇਵਾਰ ਹੁੰਦਾ ਹੈ।

ਕੋਰਟ ਅਫ਼ਸਰ (ਜਿਸਨੂੰ ਕਦੀ ਕਦੀ ਮੇਸਰ ਕਿਹਾ ਜਾਂਦਾ ਹੈ): ਇਸ ਵਿਅਕਤੀ ਦੀ ਜ਼ਿਮੇਵਾਰੀ ਕੋਰਟ ਸ਼ੈਰਿਫ਼ ਅਤੇ ਹੋਰਨਾਂ ਦੀ ਮਦਦ ਕਰਨਾ ਹੈ। ਕੋਰਟ ਅਫ਼ਸਰ ਗਵਾਹਾਂ ਨੂੰ ਇਹ ਵੀ ਦਸਦਾ ਹੈ ਕਿ ਗਵਾਹੀ ਦੇਣ ਲਈ ਉਨ੍ਹਾਂ ਦੀ ਕਦੋਂ ਵਾਰੀ ਹੈ।

ਪਰਿਵਾਰ ਦੇ ਕੁਝ ਮੈਂਬਰ ਅਤੇ ਇਕ ਸੇਫ਼ਗਾਰਡਰ ਵੀ ਉਥੇ ਮੌਜੂਦ ਹੋ ਸਕਦੇ ਹਨ। ਸੇਫ਼ਗਾਰਡਰ ਇਕ ਸੁਤੰਤਰ ਵਿਅਕਤੀ ਹੁੰਦਾ ਹੈ, ਜੋ ਤੁਹਾਡੇ ਹਿਤਾਂ ਦਾ ਧਿਆਨ ਰਖਣ ਲਈ ਨਿਯੁਕਤ ਕੀਤਾ ਗਿਆ ਹੁੰਦਾ ਹੈ।

ਜੋ ਵਿਅਕਤੀ ਤੁਹਾਨੂੰ ਕੋਰਟ ਵਿੱਚ ਆਉਣ ਲਈ ਕਹਿੰਦਾ ਹੈ, ਉਹ ਤੁਹਾਨੂੰ ਦਸ ਸਕਦਾ ਹੈ ਕਿ ਕੋਰਟ ਵਿੱਚ ਹੋਰ ਕੌਣ ਕੌਣ ਹੋ ਸਕਦਾ ਹੈ।

ਜਦੋਂ ਕੋਰਟ ਬੱਚਿਆਂ ਸੰਬੰਧੀ ਸੁਣਵਾਈ ਲਈ ਕੋਰਟ ਕੇਸ ਨਾਲ ਨਜਿੱਠ ਰਹੀ ਹੋਵੇ, ਤਾਂ ਆਮ ਲੋਕਾਂ ਨੂੰ ਕੋਰਟ ਰੂਮ ਵਿੱਚ ਆਉਣ ਦੀ ਇਜਾਜ਼ਤ ਨਹੀਂ ਹੁੰਦੀ।

# ਕੋਰਟ ਵਿੱਚ ਸੁਣਵਾਈ – ਤੁਸੀਂ ਕੀ ਕਰਨਾ ਹੈ

ਬੱਚਿਆਂ ਸੰਬੰਧੀ ਸੁਣਵਾਈ ਵਿੱਚ ਜੋ ਕੁਝ ਹੁੰਦਾ ਹੈ, ਜੇ ਉਸ ਬਾਰੇ ਸਹਿਮਤੀ ਹੋਵੇ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਕੋਰਟ ਵਿੱਚ ਨਾਂਹ ਜਾਣਾ ਪਵੇ, ਜਾਂ ਸਵਾਲਾਂ ਦੇ ਜਵਾਬ ਨਾਂਹ ਦੇਣੇ ਪੈਣ, ਜਾਂ ਗਵਾਹੀ ਦੇਣ ਦੀ ਲੋੜ ਨਾਂਹ ਪਵੇ।

ਜੇ ਸਹਿਮਤੀ ਨਾਂਹ ਹੋਵੇ ਤਾਂ ਫਿਰ ਕੋਰਟ ਵਿੱਚ ਸੁਣਵਾਈ ਹੋ ਸਕਦੀ ਹੈ, ਅਤੇ ਫਿਰ ਤੁਹਾਡਾ ਕੰਮ ਕੋਰਟ ਨੂੰ ਉਹ ਕੁਝ ਦਸਣਾ ਹੈ, ਜੋ ਤੁਸੀਂ ਜਾਣਦੇ ਹੋ।

ਸ਼ੈਰਿਫ਼ ਨੂੰ ਗਵਾਹਾਂ ਦੀ ਜ਼ਰੂਰਤ ਹੁੰਦੀ ਹੈ, ਤਾਂ ਜੋ ਉਹ ਗਵਾਹੀਆਂ ਦੇਣ ਅਤੇ ਜੋ ਕੁਝ ਵਾਪਰਿਆ ਹੈ, ਉਸਦੀ ਤਸਵੀਰ ਸਾਮ੍ਹਣੇ ਲਿਆਂਦੀ ਜਾ ਸਕੇ। ਗਵਾਹਾਂ ਤੋਂ ਬਿਨਾਂ ਸ਼ੈਰਿਫ਼ ਨੂੰ ਪਤਾ ਨਹੀਂ ਲਗੇਗਾ ਕਿ ਕੀ ਹੋਇਆ ਸੀ, ਅਤੇ ਉਹ ਕੇਸ ਦੇ ਅੰਤ 'ਤੇ ਕਿਸੇ ਉਚਿਤ ਫ਼ੈਸਲੇ 'ਤੇ ਨਹੀਂ ਪਹੁੰਚ ਸਕੇਗਾ।

ਇਕ ਇਕ ਕਰਕੇ ਗਵਾਹ ਕੋਰਟ ਨੂੰ ਦਸਦੇ ਹਨ, ਕਿ ਕੀ ਹੋਇਆ ਸੀ ਜਾਂ ਉਹ ਕੀ ਜਾਣਦੇ ਹਨ। ਇਹ ਉਨ੍ਹਾਂ ਦੀ ਗਵਾਹੀ ਹੈ।

ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ, ਤੁਹਾਨੂੰ ਸਵਾਲ ਪੁੱਛੇ ਜਾਣਗੇ, ਆਮ ਤੌਰ 'ਤੇ ਰਿਪੋਰਟਰ ਅਤੇ ਵਕੀਲ ਸਵਾਲ ਪੁਛਦੇ ਹਨ। ਸ਼ੈਰਿਫ਼ ਵੀ ਤੁਹਾਨੂੰ ਸਵਾਲ ਪੁਛ ਸਕਦਾ ਹੈ।

ਰਿਪੋਰਟਰ ਜਾਂ ਵਕੀਲ ਤੁਹਾਡੇ ਕੋਲੋਂ ਉਸ ਬਾਰੇ ਸਵਾਲ ਪੁਛ ਸਕਦੇ ਹਨ, ਜੋ ਕੁਝ ਤੁਹਾਡੇ ਨਾਲ ਜਾਂ ਕਿਸੇ ਹੋਰ ਨਾਲ ਵਾਪਰਿਆ। ਜਾਂ ਉਹ ਤੁਹਾਡੇ ਕੋਲੋਂ ਉਸ ਬਾਰੇ ਸਵਾਲ ਪੁਛ ਸਕਦੇ ਹਨ, ਜੋ ਤੁਸੀਂ ਵੇਖਿਆ ਜਾਂ ਸੁਣਿਆ ਹੋਵੇ।

ਤੁਹਾਨੂੰ ਚਾਹੀਦਾ ਹੈ ਕਿ ਸਵਾਲਾਂ ਨੂੰ ਧਿਆਨ ਨਾਲ ਸੁਣੋ ਅਤੇ ਜਿਥੋਂ ਤਕ ਹੋ ਸਕੇ, ਇਨ੍ਹਾਂ ਦਾ ਸਹੀ ਉਤੱਰ ਦੇਣ ਲਈ ਪੂਰੀ ਕੋਸ਼ਿਸ਼ ਕਰੋ।

ਇਕ ਗਵਾਹ ਵਜੋਂ ਤੁਹਾਡਾ ਕੰਮ ਸਵਾਲਾਂ ਦੇ ਜਵਾਬ ਵਿੱਚ ਸੱਚ ਬਿਆਨ ਕਰਨਾ ਹੈ, ਅਤੇ ਕੋਰਟ ਨੂੰ ਉਹ ਸਭ ਕੁਝ ਦਸਣਾ ਹੈ, ਜੋ ਤੁਸੀਂ ਜਾਣਦੇ ਹੋ।

ਕੁਝ ਸਵਾਲਾਂ ਦੇ ਜਵਾਬ ਦੇਣਾ ਔਖਾ ਹੋ ਸਕਦਾ ਹੈ, ਜਾਂ ਇਸ ਦਾ ਮਤਲਬ ਕੋਈ ਭੇਦ ਦਸਣਾ ਹੋ ਸਕਦਾ ਹੈ। ਇਸ ਵਿੱਚ ਕੋਈ ਹਰਜ ਨਹੀਂ। ਤੁਹਾਨੂੰ ਇਹ ਯਾਦ ਰਖਣਾ ਚਾਹੀਦਾ ਹੈ, ਕਿ ਕੋਰਟ ਅਕਸਰ ਲੋਕਾਂ ਨੂੰ ਨਿਜੀ ਗਲਾਂ ਦਾ ਜ਼ਿਕਰ ਕਰਦਿਆਂ ਸੁਣਦੀ ਹੈ ਅਤੇ ਉਹ ਸਮਝ ਸਕੇਗੀ ਕਿ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ। ਤੁਹਾਨੂੰ ਸਮਾਂ ਲੈਣਾ ਚਾਹੀਦਾ ਹੈ ਅਤੇ ਸੱਚ ਬਿਆਨ ਕਰਦੇ ਰਹਿਣਾ ਚਾਹੀਦਾ ਹੈ।

ਰਿਪੋਰਟਰ ਅਤੇ ਵਕੀਲ, ਤੁਸੀਂ ਜੋ ਕੁਝ ਕਿਹਾ ਹੋਵੇ, ਉਸਨੂੰ ਚੈਕ ਕਰਨਾ ਚਾਹੁਣਗੇ। ਤੁਸੀਂ ਜੋ ਕੁਝ ਕਿਹਾ ਹੋਵੇ ਉਸਦੀ ਜਾਂਚ ਲਈ ਉਹ ਕੁਝ ਸਵਾਲ ਦੁਹਰਾ ਸਕਦੇ ਹਨ। ਅਜਿਹਾ ਆਮ ਹੁੰਦਾ ਹੈ। ਤੁਹਾਨੂੰ ਸਿਰਫ਼ ਇਹ ਗਲ ਧਿਆਨ ਵਿੱਚ ਰਖਣੀ ਚਾਹੀਦੀ ਹੈ, ਕਿ ਤੁਸੀਂ ਕੋਰਟ ਵਿੱਚ ਸੱਚ ਬਿਆਨ ਕਰਨਾ ਹੈ।

# ਕੋਰਟ ਨੂੰ ਉਹ ਕੁਝ ਦਸਣਾ ਜੋ ਤੁਸੀਂ ਜਾਣਦੇ ਹੋ

ਸ਼ੈਰਿਫ਼ ਅਤੇ ਜੱਜ ਨੂੰ ਪਤਾ ਨਹੀਂ ਹੁੰਦਾ ਕਿ ਕੀ ਹੋਇਆ ਸੀ। ਤੁਹਾਨੂੰ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਕੋਰਟ ਨੂੰ ਉਹ ਕੁਝ ਦਸਣਾ ਚਾਹੀਦਾ ਹੈ, ਜੋ ਤੁਸੀਂ ਜਾਣਦੇ ਹੋ।

ਇਸ ਕੰਮ ਨੂੰ ਆਸਾਨ ਬਣਾਉਣ ਲਈ ਕੁਝ ਮਹਤੱਵਪੂਰਨ ਨੁਕਤੇ ਹਨ।

- ਹਰ ਸਵਾਲ ਨੂੰ ਹਮੇਸ਼ਾ ਧਿਆਨ ਨਾਲ ਸੁਣੋ। ਸਵਾਲ ਦਾ ਜਵਾਬ ਦਿਉ, ਪਰ ਜਤਨ ਕਰੋ ਕਿ ਇਸ ਵਿੱਚ ਕਾਹਲ ਨਾਂਹ ਕੀਤੀ ਜਾਵੇ।

- ਸਪੱਸ਼ਟ ਰੂਪ ਵਿੱਚ ਬੋਲੋ। ਜੇ ਤੁਸੀਂ ਸਾਫ਼ ਤੌਰ 'ਤੇ ਬੋਲੋਗੇ, ਤਾਂ ਸ਼ੈਰਿਫ਼ ਤੁਹਾਡੀ ਗਲ ਠੀਕ ਤਰ੍ਹਾਂ ਸੁਣ ਸਕੇਗਾ ਅਤੇ ਉਸਨੂੰ ਨਹੀਂ ਕਹਿਣਾ ਪਵੇਗਾ ਕਿ ਤੁਸੀਂ ਹਰ ਗਲ ਦੁਹਰਾਉ।

- ਕਈ ਕੋਰਟਾਂ ਵਿੱਚ, ਜੋ ਕੁਝ ਵੀ ਹੁੰਦਾ ਹੈ ਉਹ ਟੇਪ 'ਤੇ ਰਿਕਾਰਡ ਕਰ ਲਿਆ ਜਾਂਦਾ ਹੈ। ਇਹ ਇਕ ਹੋਰ ਵਜ੍ਹਾ ਹੈ ਜਿਸ ਕਰਕੇ ਸਾਫ਼ ਬੋਲਣਾ ਚਾਹੀਦਾ ਹੈ। ਇਸਦਾ ਇਹ ਮਤਲਬ ਵੀ ਹੈ ਕਿ ਤੁਸੀਂ ਹਾਂ ਜਾਂ ਨਾਂਹ ਕਹਿਣ ਲਈ ਸਿਰਫ਼ ਆਪਣਾ ਸਿਰ ਨਹੀਂ ਹਿਲਾ ਸਕਦੇ। ਤੁਹਾਨੂੰ ਉੱਚੀ ਆਵਾਜ਼ ਵਿੱਚ ਬੋਲਣਾ ਹੋਵੇਗਾ।

- ਤੁਸੀਂ ਕੋਰਟ ਨੂੰ ਜੋ ਦਸਦੇ ਹੋ ਉਹ ਤੁਹਾਡੀ ਆਪਣੀ ਗਵਾਹੀ ਹੁੰਦੀ ਹੈ। ਕੋਰਟ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਨੂੰ ਤੁਹਾਡੇ ਕੋਲੋਂ ਤੁਹਾਡੇ ਆਪਣੇ ਸ਼ਬਦਾਂ ਵਿੱਚ ਸੁਣੇ। ਇਹ ਨਹੀਂ ਹੋਣਾ ਚਾਹੀਦਾ ਕਿ ਕੋਈ ਤੁਹਾਨੂੰ ਦਸੇ ਕਿ ਕੀ ਕਹਿਣਾ ਹੈ।

- ਤੁਹਾਨੂੰ ਜ਼ਰੂਰ ਇਹ ਪੱਕ ਕਰਨਾ ਚਾਹੀਦਾ ਹੈ ਕਿ ਤੁਸੀਂ ਹਰ ਸਵਾਲ ਦਾ ਮਤਲਬ ਸਮਝੋ, ਅਤੇ ਫਿਰ ਜਵਾਬ ਦਿਉ। ਜੇ ਤੁਹਾਨੂੰ ਸਵਾਲ ਦਾ ਕੋਈ ਸ਼ਬਦ ਜਾਂ ਵਾਕ ਜਾਂ ਕੋਈ ਹਿੱਸਾ ਸਮਝ ਨਹੀਂ ਆਉਂਦਾ, ਤਾਂ ਉਨ੍ਹਾਂ ਨੂੰ ਕਹੋ ਕਿ ਉਹ ਇਸ ਨੂੰ ਸਪੱਸ਼ਟ ਕਰਨ ਜਾਂ ਕਿਸੇ ਹੋਰ ਤਰੀਕੇ ਨਾਲ ਕਹਿਣ। ਕੇਵਲ ਅਨੁਮਾਨ ਨਾਂਹ ਲਾਉ। ਉਦੋਂ ਤਕ ਇਹ ਮੰਗ ਕਰਦੇ ਰਹੋ, ਜਦ ਤਕ ਤੁਹਾਨੂੰ ਯਕੀਨ ਨਹੀਂ ਹੋ ਜਾਂਦਾ ਕਿ ਤੁਸੀਂ ਉਸਦਾ ਮਤਲਬ ਸਮਝ ਗਏ ਹੋ।

- ਜੇ ਤੁਹਾਨੂੰ ਕਿਸੇ ਜਵਾਬ ਬਾਰੇ ਪੱਕਾ ਪਤਾ ਨਹੀਂ, ਜਾਂ ਕੋਈ ਗਲ ਯਾਦ ਨਹੀਂ ਆਉਂਦੀ, ਤਾਂ ਤੁਸੀਂ ਕੋਰਟ ਵਿੱਚ ਮੌਜੂਦ ਵਿਅਕਤੀਆਂ ਨੂੰ ਦਸ ਦਿਉ। ਤੁਹਾਨੂੰ ਅੰਦਾਜ਼ਾ ਲਾਉਣ ਜਾਂ ਜਵਾਬ ਘੜਨ ਦਾ ਜਤਨ ਨਹੀਂ ਕਰਨਾ ਚਾਹੀਦਾ।

- ਯਾਦ ਰਖੋ ਕਿ ਤੁਹਾਡੇ ਲਈ ਹਰ ਉਸ ਗਲ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਜੋ ਰਿਪੋਰਟਰ ਜਾਂ ਵਕੀਲ ਤੁਹਾਨੂੰ ਕਹਿੰਦੇ ਹਨ, ਅਤੇ ਸਿਰਫ਼ ਉਸ ਨੂੰ ਖ਼ੁਸ਼ ਕਰਨ ਦੀ ਖ਼ਾਤਰ ਕੁਝ ਕਹਿਣਾ ਜ਼ਰੂਰੀ ਨਹੀਂ। ਤੁਹਾਨੂੰ ਕੋਈ ਗਲ ਮਨੋਂ ਨਹੀਂ ਲਾਉਣੀ ਚਾਹੀਦੀ ਜਾਂ ਕੋਈ ਗਲ ਛਡ ਨਹੀਂ ਦੇਣੀ ਚਾਹੀਦੀ।

- ਤੁਹਾਡੇ ਲਈ ਸਭ ਤੋਂ ਮਹਤੱਵਪੂਰਨ ਗਲ ਇਹ ਹੈ ਕਿ ਤੁਸੀਂ ਸਭ ਕੁਝ ਸੱਚ ਸੱਚ ਦਸੋ। ਹਮੇਸ਼ਾ ਸੱਚ ਬੋਲੋ।

# ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਿਸ਼ੇਸ਼ ਢੰਗ

ਕੋਰਟ ਵਿੱਚ ਗਵਾਹ ਬਣਨਾ ਹਮੇਸ਼ਾ ਆਸਾਨ ਨਹੀਂ ਹੁੰਦਾ, ਵਿਸ਼ੇਸ਼ ਰੂਪ ਵਿੱਚ ਨੌਜਵਾਨ ਵਿਕਅਕਤੀਆਂ ਲਈ। ਬਾਲਗ ਤੁਹਾਡੇ ਫ਼ਿਕਰਮੰਦ ਹੋਣ ਦੀ ਗਲ ਨੂੰ ਸਮਝਣਗੇ।

ਕਾਨੂੰਨ ਕੋਰਟ ਨੂੰ ਇਹ ਇਜਾਜ਼ਤ ਦਿੰਦਾ ਹੈ ਕਿ ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਵਖ ਵਖ ਤਰੀਕੇ ਮੁਹੱਈਆ ਕੀਤੇ ਜਾਣ।

ਰਿਪੋਰਟਰ ਜਾਂ ਵਕੀਲ ਤੁਹਾਨੂੰ ਪੁਛੇਗਾ ਕਿ ਤੁਸੀਂ ਨਿਮਨਲਿਖਿਤ ਵਿਚੋਂ ਕਿਸ ਤਰੀਕੇ ਦੁਆਰਾ ਗਵਾਹੀ ਦੇਣਾ ਚਾਹੋਗੇ:

- ਕੋਰਟ ਰੂਮ ਵਿੱਚ ਸਕ੍ਰੀਨ ਦੀ ਵਰਤੋਂ ਕਰਕੇ;
- ਕੋਰਟ ਦੀ ਇਮਾਰਤ ਅੰਦਰ ਕਿਸੇ ਹੋਰ ਕਮਰੇ ਵਿੱਚ ਟੈਲੀਵਿਯਨ ਲਿੰਕ ਦੀ ਵਰਤੋਂ ਕਰਕੇ;
- ਜਦੋਂ ਤੁਸੀਂ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਕਰੋ, ਤਾਂ ਸਮਰਥਨ ਦੇਣ ਵਾਲੇ ਇਕ ਵਿਅਕਤੀ ਨੂੰ ਆਪਣੇ ਨਾਲ ਰਖਕੇ।

ਰਿਪੋਰਟਰ, ਵਕੀਲ ਜਾਂ ਸੋਸ਼ਲ ਵਰਕਰ ਇਹ ਸਾਰੇ ਤੁਹਾਨੂੰ ਇਹ ਵਖ ਤਰੀਕੇ ਸਮਝਾਉਣ ਵਿੱਚ ਮਦਦ ਕਰ ਸਕਦੇ ਹਨ। ਇਨ੍ਹਾਂ ਵਖ ਵਖ ਤਰੀਕਿਆਂ ਨੂੰ 'ਵਿਸ਼ੇਸ਼ ਢੰਗ' ਕਿਹਾ ਜਾਂਦਾ ਹੈ।

# ਟੈਲੀਵਿਯਨ ਲਿੰਕ ਦੀ ਵਰਤੋਂ

ਤੁਸੀਂ ਟੈਲੀਵਿਯਨ ਲਿੰਕ ਦੀ ਵਰਤੋਂ ਦੁਆਰਾ ਕੋਰਟ ਰੂਮ ਵਿੱਚ ਜਾਏ ਬਗ਼ੈਰ ਗਵਾਹ ਬਣ ਸਕਦੇ ਹੋ। ਜੇ ਤੁਸੀਂ ਲੋਕਾਂ ਨਾਲ ਭਰੇ ਕੋਰਟ ਰੂਮ ਵਿੱਚ ਜਾਣ ਤੋਂ ਚਿੰਤਾਤੁਰ ਹੋ, ਤਾਂ ਇਹ ਢੰਗ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ। ਤੁਸੀਂ ਕੋਰਟ ਵਿੱਚ ਗਵਾਹੀ ਦੇਣ ਲਈ ਇਸ ਟੈਲੀਵਿਯਨ ਦੀ ਵਰਤੋਂ ਕਰ ਸਕਦੇ ਹੋ।

ਟੈਲੀਵਿਯਨ ਲਿੰਕ ਰੂਮ ਆਮ ਕਰਕੇ ਕੋਰਟ ਵਾਲੀ ਬਿਲਡਿੰਗ ਵਿੱਚ ਹੁੰਦਾ ਹੈ। ਟੈਲੀਵਿਯਨ ਨੂੰ ਕੋਰਟ ਰੂਮ ਨਾਲ ਜੋੜਿਆ ਜਾਂਦਾ ਹੈ, ਜਿਥੇ ਸ਼ੈਰਿਫ਼, ਰਿਪੋਰਟਰ ਅਤੇ ਵਕੀਲਾਂ ਕੋਲ ਵੀ ਟੈਲੀਵਿਯਨ ਅਤੇ ਕੈਮਰੇ ਹੁੰਦੇ ਹਨ। ਇਨ੍ਹਾਂ ਨੂੰ ਸਵਿਚ ਆੱਨ ਕੀਤੇ ਜਾਣ 'ਤੇ, ਤੁਸੀਂ ਸਵਾਲ ਪੁਛਣ ਵਾਲੇ ਵਿਅਕਤੀ ਨੂੰ ਸੁਣ ਅਤੇ ਵੇਖ ਸਕੋਗੇ, ਪਰ ਕਿਸੇ ਹੋਰ ਨੂੰ ਨਹੀਂ ਵੇਖ ਸਕੋਗੇ। ਕੋਰਟ ਰੂਮ ਵਿੱਚ ਹਰ ਕੋਈ ਤੁਹਾਨੂੰ ਵੇਖ ਅਤੇ ਸੁਣ ਸਕੇਗਾ।

ਟੈਲੀਵਿਯਨ ਅਤੇ ਕੈਮਰੇ ਸ਼ੈਰਿਫ਼ ਦੇ ਕੰਟਰੋਲ ਹੇਠ ਹੁੰਦੇ ਹਨ। ਜਦੋਂ ਵਕੀਲ ਤੁਹਾਡੇ ਨਾਂਲ ਗਲ ਕਰ ਰਹੇ ਹੁੰਦੇ ਹਨ, ਤਾਂ ਜੱਜ ਤੁਹਾਨੂੰ ਅਤੇ ਉਸ ਵਿਯਕਤੀ ਨੂੰ ਵੇਖ ਅਤੇ ਸੁਣ ਸਕਦਾ ਹੈ, ਜੋ ਕਮਰੇ ਵਿੱਚ ਤੁਹਾਡੇ ਸਮਰਥਨ ਲਈ ਨਾਲ ਹੁੰਦਾ ਹੈ।

ਜੇ ਤੁਸੀਂ ਟੈਲੀਵਿਯਨ ਲਿੰਕ ਦੀ ਵਰਤੋਂ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਕੁਝ ਗਲਾਂ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ:

- ਸ਼ੈਰਿਫ਼, ਰਿਪੋਰਟਰ ਅਤੇ ਵਕੀਲਾਂ ਨੂੰ ਫਿਰ ਵੀ ਕੁਝ ਚੀਜ਼ਾਂ ਲਿਖਣੀਆਂ ਪੈਂਦੀਆਂ ਹਨ ਅਤੇ ਇਸਦੀ ਰਫ਼ਤਾਰ ਕਦੀ ਕਦੀ ਮਠੀ ਹੋ ਸਕਦੀ ਹੈ। ਇਸ ਕਰਕੇ ਜੇ ਸਵਾਲਾਂ ਦੇ ਵਿਚਕਾਰ ਵਕਫ਼ਾ ਹੋਵੇ, ਤਾਂ ਫ਼ਿਕਰ ਨਾਂਹ ਕਰੋ।

- ਕਦੀ ਕਦੀ ਰਿਪੋਰਟਰ ਜਾਂ ਵਕੀਲ ਮੁੜ ਕੇ ਸ਼ੈਰਿਫ਼ ਜਾਂ ਕੋਰਟਰੂਮ ਵਿੱਚ ਹੋਰ ਵਿਅਕਤੀਆਂ ਨਾਲ ਗਲ ਕਰਦੇ ਹਨ।

- ਕਦੀ ਕਦੀ ਜੱਜ ਕੈਮਰੇ ਨੂੰ ਸਵਿਚ ਆਫ਼ ਕਰ ਦਿੰਦਾ ਹੈ, ਤਾਂ ਜੋ ਉਹ ਕਿਸੇ ਕਾਨੂੰਨੀ ਮੁੱਦੇ 'ਤੇ ਵਿਚਾਰ ਵਟਾਂਦਰਾ ਕਰ ਸਕੇ। ਇਹ ਸਭ ਨਾਰਮਲ ਹੈ।

ਜੇ ਟੈਲੀਵਿਯਨ ਜਾਂ ਕੈਮਰਿਆਂ ਦੇ ਸੰਬੰਧ ਵਿੱਚ ਕੋਈ ਸਮੱਸਿਆ ਤੁਹਾਡੀ ਨਜ਼ਰ ਵਿੱਚ ਆਉਂਦੀ ਹੈ, ਤਾਂ ਤੁਹਾਨੂੰ ਜੱਜ ਨੂੰ ਦਸਣਾ ਚਾਹੀਦਾ ਹੈ। ਮਿਸਾਲ ਵਜੋਂ:

- ਜੇ ਤੁਸੀਂ ਰਿਪੋਰਟਰ ਜਾਂ ਵਕੀਲ ਦੇ ਚਿਹਰੇ ਜਾਂ ਸਿਰ ਦਾ ਸਿਰਫ਼ ਇਕ ਹਿੱਸਾ ਹੀ ਵੇਖ ਸਕਦੇ ਹੋ;
- ਜਾਂ ਜੇ ਤੁਹਾਨੂੰ ਉਨ੍ਹਾਂ ਵਲੋਂ ਪੁਛੇ ਜਾਂਦੇ ਸਵਾਲ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦੇ।

ਜੇ ਕੋਰਟ ਦੀ ਬਿਲਡਿੰਗ ਵਿੱਚ ਤੁਹਾਡੇ ਨਾਂਹ ਜਾ ਸਕਣ ਦਾ ਕੋਈ ਖ਼ਾਸ ਕਾਰਨ ਹੋਵੇ, ਤਾਂ ਤੁਸੀਂ ਕੋਰਟ ਤੋਂ ਪਰ੍ਹਾਂ ਕਿਸੇ ਹੋਰ ਇਮਾਰਤ ਦੇ ਇਕ ਕਮਰੇ ਵਿੱਚ ਟੈਲੀਵਿਯਨ ਲਿੰਕ ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਇਹਦੇ ਲਈ ਕਹਿ ਸਕਦੇ ਹੋ।

# ਸਕ੍ਰੀਨ ਦੀ ਵਰਤੋਂ

ਕੁਝ ਲੋਕ ਕੋਰਟ ਰੂਮ ਵਿੱਚ ਜਾ ਕੇ ਗਵਾਹੀ ਦੇਣ ਨੂੰ ਤਰਜੀਹ ਦਿੰਦੇ ਹਨ।

ਤੁਸੀਂ ਸਕ੍ਰੀਨ ਦੀ ਵਰਤੋਂ ਕਰਕੇ ਗਵਾਹੀ ਦੇ ਸਕਦੇ ਹੋ।

ਜੇ ਤੁਹਾਨੂੰ ਕੋਰਟਰੂਮ ਵਿੱਚ ਇਕ ਖ਼ਾਸ ਵਿਅਕਤੀ ਨੂੰ ਵੇਖਣ ਸੰਬੰਧੀ ਚਿੰਤਾ ਹੈ, ਤਾਂ ਇਸ ਢੰਗ ਨਾਲ ਤੁਹਾਨੂੰ ਸਹਾਇਤਾ ਮਿਲੇਗੀ।

ਕੋਰਟ ਰੂਮ ਵਿੱਚ ਇਕ ਸਕ੍ਰੀਨ ਲਾਈ ਜਾ ਸਕਦੀ ਹੈ, ਤਾਂ ਜੋ ਉਹ ਵਿਅਕਤੀ ਤੁਹਾਨੂੰ ਵਿਖਾਈ ਨਾਂਹ ਦੇਵੇ। ਸਕ੍ਰੀਨ ਪਰਦੇ ਵਾਂਗ ਕਮਰੇ ਨੂੰ ਦੋ ਹਿਸੱਿਆਂ ਵਿੱਚ ਵੰਡ ਦਿੰਦੀ ਹੈ।

ਤੁਹਾਨੂੰ ਉਹ ਵਿਅਕਤੀ ਵਿਖਾਈ ਨਹੀਂ ਦੇਵੇਗਾ, ਪਰ ਤੁਸੀਂ ਸ਼ੈਰਿਫ਼, ਰਿਪੋਰਟਰ, ਵਕੀਲਾਂ ਅਤੇ ਕੋਰਟ ਦੇ ਹੋਰ ਅਮਲੇ ਨੂੰ ਵੇਖ ਸਕਦੇ ਹੋ।

ਸਕ੍ਰੀਨ ਦੇ ਨਾਲ ਆਮ ਕਰਕੇ ਕੈਮਰੇ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ ਸਕ੍ਰੀਨ ਦੇ ਦੂਜੇ ਪਾਸੇ ਵਲ ਦਾ ਵਿਅਕਤੀ ਤੁਹਾਨੂੰ ਵੇਖ ਸਕੇ।

# ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

ਤੁਸੀਂ ਇਕ 'ਸਮਰਥਨ ਦੇਣ ਵਾਲਾ ਵਿਅਕਤੀ' ਵੀ ਆਪਣੇ ਨਾਲ ਰਖ ਸਕਦੇ ਹੋ ਅਤੇ ਨਾਲ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਕਰ ਸਕਦੇ ਹੋ। ਕੁਝ ਨੌਜਵਾਨਾਂ ਨੂੰ ਇਸ ਗਲ ਨਾਲ ਰਾਹਤ ਮਿਲਦੀ ਹੈ ਕਿ ਸਮਰਥਨ ਦੇਣ ਵਾਲਾ ਇਕ ਬਾਲਗ਼ ਵਿਅਕਤੀ ਕੋਰਟ ਵਿੱਚ, ਕੋਰਟ ਰੂਮ ਵਿੱਚ ਜਾਂ ਟੈਲੀਵਿਯਨ ਲਿੰਕ ਵਾਲੇ ਕਮਰੇ ਵਿੱਚ ਪੂਰਾ ਸਮਾਂ ਉਨ੍ਹਾਂ ਦੇ ਨਾਲ ਬੈਠੇ।

ਕੋਰਟ ਪੁਛੇਗੀ ਕਿ ਕੀ ਤੁਸੀਂ ਇਹ ਸਹੂਲਤ ਚਾਹੁੰਦੇ ਹੋ, ਅਤੇ ਤੁਹਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਬੈਠਣ ਲਈ ਸਭ ਤੋਂ ਚੰਗਾ ਵਿਅਕਤੀ ਕੌਣ ਹੋ ਸਕਦਾ ਹੈ।

ਤੁਹਾਡਾ ਇਹ ਸਮਰਥਨ ਦੇਣ ਵਾਲਾ ਵਿਅਕਤੀ ਵਿਟਨੈੱਸ ਸਰਵਿਸ ਤੋਂ ਸਮਰਥਨ ਸੰਬੰਧੀ ਕਿਸੇ ਹੋਰ ਸੰਗਠਨ ਤੋਂ, ਕੋਈ ਅਧਿਆਪਕ, ਸੋਸ਼ਲ ਵਰਕਰ ਜਾਂ ਕੋਈ ਰਿਸ਼ਤੇਦਾਰ ਹੋ ਸਕਦਾ ਹੈ।

ਜੇ ਤੁਸੀਂ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਨਹੀਂ ਚਾਹੁੰਦੇ, ਤਾਂ ਫਿਰ ਵੀ ਤੁਸੀਂ ਮੰਗ ਕਰ ਸਕਦੇ ਹੋ ਕਿ ਕੋਰਟ ਵਿੱਚ ਸਮਰਥਨ ਲਈ ਇਕ ਵਿਅਕਤੀ ਤੁਹਾਡੇ ਨਾਲ ਬੈਠੇ।

# ਗਵਾਹੀ ਦੇਣ ਵਿੱਚ ਤੁਹਾਡੀ ਮਦਦ ਲਈ ਇਕ ਹੋਰ ਵਿਸ਼ੇਸ਼ ਢੰਗ

## ਕਮਿਸ਼ਨ 'ਤੇ ਗਵਾਹੀ

ਨਵੰਬਰ 2005 ਤੋਂ ਕੁਝ ਕੇਸਾਂ ਵਿੱਚ, ਰਿਪੋਰਟਰ ਜਾਂ ਵਕੀਲ ਇਹ ਫ਼ੈਸਲਾ ਕਰ ਸਕਦੇ ਹਨ ਕਿ ਬਾਕੀ ਦਾ ਕੋਰਟ ਕੇਸ ਸ਼ੁਰੂ ਹੋਣ ਤੋਂ ਪਹਿਲਾਂ, ਤੁਸੀਂ ਗਵਾਹੀ ਦੇ ਦਿਉ। ਅਜਿਹਾ ਕਰਨ ਵਿੱਚ ਫ਼ਾਇਦਾ ਹੈ, ਜੇ ਕੋਰਟ ਕੇਸ ਵਿੱਚ ਕਾਫ਼ੀ ਢਿਲ ਪੈਣ ਵਾਲੀ ਹੋਵੇ। ਜੇ ਉਹ ਅਜਿਹਾ ਕਰਨਾ ਚਾਹੁੰਦੇ ਹਨ, ਤਾਂ ਉਹ ਤੁਹਾਡੇ ਨਾਲ ਗਲ ਕਰਨਗੇ ਅਤੇ ਸਮਝਾਉਣਗੇ ਕਿ ਇਸਦਾ ਕੀ ਮਤਲਬ ਹੈ ਅਤੇ ਇਸ ਤੋਂ ਤੁਹਾਨੂੰ ਕਿਵੇਂ ਮਦਦ ਮਿਲ ਸਕਦੀ ਹੈ।

# ਵਿਸ਼ੇਸ਼ ਢੰਗ ਦੀ ਚੋਣ

ਕੋਰਟ ਨੂੰ, ਗਵਾਹੀ ਦੇਣ ਲਈ ਤੁਹਾਡੇ ਆਉਣ ਤੋਂ ਪਹਿਲਾਂ ਇਹ ਦਸਣਾ ਜ਼ਰੂਰੀ ਹੈ ਕਿ ਤੁਸੀਂ ਕਿਹੜਾ ਵਿਸ਼ੇਸ਼ ਢੰਗ ਵਰਤਣ ਨੂੰ ਤਰਜੀਹ ਦਿਉਗੇ।

ਇਹ ਸੱਚਮੁੱਚ ਜ਼ਰੂਰੀ ਹੈ ਕਿ ਰਿਪੋਰਟਰ ਜਾਂ ਵਕੀਲ ਨੂੰ ਇਹ ਦਸੋ, ਕਿ ਤੁਸੀਂ ਗਵਾਹ ਬਣਨ ਬਾਰੇ ਕੀ ਸੋਚਦੇ ਹੋ ਅਤੇ ਤੁਹਾਨੂੰ ਕਿਨ੍ਹਾਂ ਗਲਾਂ ਦੀ ਚਿੰਤਾ ਹੋ ਸਕਦੀ ਹੈ।

ਫਿਰ ਉਹ ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਦੇ ਸਕਣਗੇ, ਕਿ ਕਿਹੜੇ ਵਿਸ਼ੇਸ਼ ਢੰਗ ਤੁਹਾਡੇ ਲਈ ਸਭ ਤੋਂ ਚੰਗੇ ਹੋ ਸਕਣਗੇ। ਤੁਸੀਂ ਇਹ ਪੁਸਤਿਕਾ ਪੜ੍ਹਕੇ ਸ਼ਾਇਦ ਪਹਿਲਾਂ ਹੀ ਕੁਝ ਵਿਚਾਰ ਬਣਾ ਲਿਆ ਹੋਵੇਗਾ, ਕਿ ਤੁਸੀਂ ਕਿਹੜੇ ਢੰਗ ਦੀ ਵਰਤੋਂ ਕਰਨਾ ਚਾਹੋਗੇ।

ਹੋ ਸਕਦਾ ਹੈ ਕਿ ਤੁਸੀਂ ਕਿਸੇ ਵਧੀਕ ਸਮਰਥਨ ਤੋਂ ਬਿਨਾਂ ਗਵਾਹੀ ਦੇਣਾ ਪਸੰਦ ਕਰੋ। ਹੋ ਸਕਦਾ ਹੈ ਕਿ ਤੁਸੀਂ ਟੈਲੀਵਿਯਨ ਲਿੰਕ ਜਾਂ ਸਕ੍ਰੀਨ ਦੀ ਵਰਤੋਂ ਨਾਂਹ ਕਰਨੀ ਚਾਹੋ।

ਤੁਹਾਨੂੰ ਇਸ ਬਾਰੇ ਬੜੇ ਧਿਆਨ ਨਾਲ ਸੋਚ ਵਿਚਾਰ ਕਰਨੀ ਚਾਹੀਦੀ ਹੈ, ਅਤੇ ਇਹ ਪੂਰੀ ਤਰ੍ਹਾਂ ਸਮਝਣ ਲਈ ਕਿ ਇਹ ਸਭ ਕਿਸਤਰ੍ਹਾਂ ਦਾ ਹੋਵੇਗਾ, ਹੋਰ ਜਾਣਕਾਰੀ ਦੀ ਮੰਗ ਕਰਨੀ ਚਾਹੀਦੀ ਹੈ।

ਯਾਦ ਰਖੋ, ਕੋਰਟ ਆਸ ਕਰਦੀ ਹੈ ਕਿ ਸਾਰੇ ਨੌਜਵਾਨਾਂ ਨੂੰ ਕੁਝ ਨਾਂਹ ਕੁਝ ਮਦਦ ਚਾਹੀਦੀ ਹੈ।

ਕੋਰਟ ਦੀ ਤਾਰੀਖ਼ ਨੇੜੇ ਆਉਣ 'ਤੇ ਹੋ ਸਕਦਾ ਹੈ ਕਿ ਤੁਸੀਂ ਗਵਾਹੀ ਦੇਣ ਦੇ ਇਕ ਵਖਰੇ ਢੰਗ ਨੂੰ ਤਰਜੀਹ ਦੇਣ ਦਾ ਫ਼ੈਸਲਾ ਕਰੋ। ਰਿਪੋਰਟਰ ਜਾਂ ਵਕੀਲ ਨੂੰ ਦਸੋ ਅਤੇ ਉਹ ਇਸ ਬਾਰੇ ਵਿਚਾਰ ਕਰਨਗੇ ਕਿ ਇਸ ਸਿਲਸਿਲੇ ਵਿੱਚ ਕੀ ਕੀਤਾ ਜਾ ਸਕਦਾ ਹੈ।

# ਕੋਰਟ ਦੀ ਫੇਰੀ

ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਕਦੀ ਕੋਰਟ ਵਿੱਚ ਨਾਂਹ ਗਏ ਹੋਵੋ।

ਬਹੁਤੇ ਨੌਜਵਾਨ ਗਵਾਹ ਬਣਨ ਬਾਰੇ ਵਧੇਰੇ ਸਹਿਜ ਮਹਿਸੂਸ ਕਰਨਗੇ, ਜੇਕਰ ਉਨ੍ਹਾਂ ਨੂੰ ਪਤਾ ਹੋਵੇ ਕਿ ਉਥੇ ਸਭ ਕੁਝ ਕਿਸਤਰ੍ਹਾਂ ਦਾ ਹੈ ਅਤੇ ਉਹ ਪਹਿਲਾਂ ਜਾ ਕੇ ਕੋਰਟ ਵੇਖ ਆਏ ਹੋਣ।

ਤੁਸੀਂ ਅਜਿਹੀਆਂ ਫੇਰੀਆਂ ਲਈ ਰਿਪੋਰਟਰ, ਕਿਸੇ ਸੋਸ਼ਲ ਵਰਕਰ ਜਾਂ ਵਕੀਲ ਨਾਲ ਪ੍ਰਬੰਧ ਕਰ ਸਕਦੇ ਹੋ।

ਤੁਸੀਂ ਸੀਡੀ-ਰੱਮ 'ਤੇ ਇਕ 'ਵਾਸਤਵਿਕ' ਕੋਰਟ ਰੂਮ 'ਤੇ ਨਜ਼ਰ ਮਾਰ ਸਕਦੇ ਹੋ।

ਇਹ ਸੱਚ ਹੀ ਇਕ ਚੰਗਾ ਵਿਚਾਰ ਹੈ। ਤੁਸੀਂ ਚੁਫੇਰੇ ਨਜ਼ਰ ਮਾਰ ਸਕਦੇ ਹੋ, ਕੋਰਟ ਦੇ ਸਟਾਫ਼ ਦੇ ਕੁਝ ਮੈਂਬਰਾਂ ਨੂੰ ਮਿਲ ਸਕਦੇ ਹੋ, ਅਤੇ ਜੇ ਚਾਹੋ ਤਾਂ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਦਾ ਅਭਿਆਸ ਕਰ ਸਕਦੇ ਹੋ। ਜੇ ਤੁਸੀਂ ਕਿਸੇ ਹੋਰ ਥਾਂ ਤੋਂ ਗਵਾਹੀ ਦੇਣੀ ਹੋਵੇ, ਤਾਂ ਤੁਹਾਨੂੰ ਉਸ ਥਾਂ ਦੀ ਫੇਰੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

# ਗਵਾਹ ਬਣਨ ਦੀ ਉਡੀਕ ਵਿੱਚ

ਕੋਰਟ ਰੁਝੇਵੇਂ ਭਰੇ ਸਥਾਨ ਹੁੰਦੇ ਹਨ ਅਤੇ ਕਾਰਵਾਈ ਦੇ ਆਰੰਭ ਲਈ ਸਭ ਕੁਝ ਤਿਆਰ ਬਰ ਤਿਆਰ ਹੋਣ ਤੋਂ ਪਹਿਲਾਂ ਬਹੁਤ ਸਾਰੀ ਵਿਓਂਤਬੰਦੀ ਅਤੇ ਤਿਆਰੀ ਦੀ ਜ਼ਰੂਰਤ ਹੁੰਦੀ ਹੈ। ਜੇ ਤਾਰੀਖ਼ ਮਿਲਣ ਵਿੱਚ ਬਹੁਤ ਸਮਾਂ ਲਗ ਗਿਆ ਹੋਵੇ, ਤਾਂ ਤੁਸੀਂ ਪਹਿਲਾਂ ਹੀ ਕੁਝ ਅੱਕ ਗਏ ਹੋਵੋਗੇ। ਜੇ ਤੁਸੀਂ ਅਜਿਹਾ ਮਹਿਸੂਸ ਕਰ ਰਹੇ ਹੋ, ਤਾਂ ਰਿਪੋਰਟਰ, ਵਕੀਲ ਜਾਂ ਆਪਣੇ ਸੋਸ਼ਲ ਵਰਕਰ, ਜੇ ਤੁਹਾਡਾ ਕੋਈ ਹੈ, ਨੂੰ ਦਸੋ।

ਕਦੀ ਕਦੀ ਹੋ ਸਕਦਾ ਹੈ ਕਿ ਤੁਹਾਨੂੰ ਦਸਿਆ ਜਾਵੇ ਕਿ ਤਾਰੀਖ਼ ਬਦਲ ਗਈ ਹੈ, ਜਾਂ ਤੁਸੀਂ ਗਵਾਹੀ ਦੇਣੀ ਸ਼ੁਰੂ ਕਰ ਦਿਉ, ਅਤੇ ਤੁਹਾਨੂੰ ਕਿਹਾ ਜਾਵੇ ਕਿ ਤੁਸੀਂ ਕਿਸੇ ਹੋਰ ਦਿਨ ਆ ਕੇ ਇਸ ਨੂੰ ਖ਼ਤਮ ਕਰੋ।

ਤੁਹਾਨੂੰ ਗਵਾਹੀ ਦੇਣ ਵਾਸਤੇ ਆਪਣੀ ਵਾਰੀ ਲਈ ਕੁਝ ਚਿਰ ਉਡੀਕ ਕਰਨੀ ਪੈ ਸਕਦੀ ਹੈ। ਰਿਪੋਰਟਰ ਜਾਂ ਵਕੀਲ ਇਹ ਯਕੀਨੀ ਬਣਾਉਣ ਦਾ ਜਤਨ ਕਰੇਗਾ ਕਿ ਤੁਹਾਨੂੰ ਬਹੁਤਾ ਚਿਰ ਇੰਤਜ਼ਾਰ ਨਾਂਹ ਕਰਨੀ ਪਵੇ। ਪਰ ਇਹ ਚੰਗਾ ਹੋਵੇਗਾ ਕਿ ਤੁਸੀਂ ਵਕਤ ਬਿਤਾਉਣ ਲਈ ਆਪਣੇ ਨਾਲ ਕੁਝ ਲੈ ਕੇ ਆਉ। ਬਹੁਤੀਆਂ ਕੋਰਟਾਂ ਵਿੱਚ ਕੁਝ ਕਿਤਾਬਾਂ ਜਾਂ ਮੈਗਜ਼ੀਨ ਹੁੰਦੇ ਹਨ। ਪਰ ਸ਼ਾਇਦ ਬਿਹਤਰ ਇਹ ਹੋਵੇਗਾ, ਕਿ ਤੁਸੀਂ ਆਪਣੀ ਪਸੰਦ ਦੀ ਚੀਜ਼ ਨਾਲ ਲੈ ਕੇ ਆਉ। ਕੁਝ ਕੋਰਟਾਂ ਵਿੱਚ ਤੁਸੀਂ ਖਾਣ ਪੀਣ ਵਾਸਤੇ ਚੀਜ਼ਾਂ ਖ਼ਰੀਦ ਸਕਦੇ ਹੋ ਅਤੇ ਤੁਹਾਨੂੰ ਜਾਣ ਤੋਂ ਪਹਿਲਾਂ ਇਸ ਗਲ ਦਾ ਪਤਾ ਕਰ ਲੈਣਾ ਚਾਹੀਦਾ ਹੈ। ਨਹੀਂ ਤਾਂ ਆਪਣੇ ਨਾਲ ਕੁਝ ਲੈ ਕੇ ਜਾਣਾ ਚੰਗਾ ਰਹੇਗਾ।

# ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਤੋਂ ਬਾਅਦ ਕੀ ਹੁੰਦਾ ਹੈ?

ਸ਼ੈਰਿਫ਼, ਰਿਪੋਰਟਰ ਅਤੇ ਕਈ ਹੋਰ ਵਕੀਲਾਂ ਵਲੋਂ ਸਵਾਲ ਪੁਛੇ ਜਾਣ ਤੋਂ ਬਾਅਦ, ਸ਼ੈਰਿਫ਼ ਤੁਹਾਨੂੰ ਦਸੇਗਾ ਕਿ ਤੁਹਾਡੀ ਗਵਾਹੀ ਖ਼ਤਮ ਹੋ ਗਈ ਹੈ।

ਤੁਸੀਂ ਇਕ ਬੜਾ ਅਹਿਮ ਕੰਮ ਮੁਕਾ ਲਿਆ ਹੋਵੇਗਾ।

ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ, ਅਤੇ ਤੁਹਾਡਾ ਧੰਨਵਾਦ।

ਹੋ ਸਕਦਾ ਹੈ ਕਿ ਸ਼ੈਰਿਫ਼ ਫ਼ੌਰਨ ਫ਼ੈਸਲੇ 'ਤੇ ਨਾਂਹ ਪਹੁੰਚ ਸਕੇ, ਕਿਉਂਕਿ ਹੋਰ ਗਵਾਹ ਵੀ ਹੋ ਸਕਦੇ ਹਨ। ਕੁਝ ਕੋਰਟ ਕੇਸਾਂ 'ਤੇ ਇਕ ਦਿਨ ਤੋਂ ਵਧ ਸਮਾਂ ਲਗ ਸਕਦਾ ਹੈ।

ਸ਼ੈਰਿਫ਼ ਕੇਸ ਨੂੰ ਵਾਪਸ ਬੱਚਿਆਂ ਸੰਬੰਧੀ ਸੁਣਵਾਈ ਲਈ ਭੇਜਣ ਦਾ ਫ਼ੈਸਲਾ ਕਰ ਸਕਦਾ ਹੈ, ਤਾਂ ਜੋ ਬੱਚੇ ਜਾਂ ਨੌਜਵਾਨ ਸੰਬੰਧੀ ਸਰੋਕਾਰਾਂ 'ਤੇ ਵਿਚਾਰ ਕੀਤਾ ਜਾ ਸਕੇ, ਅਤੇ ਇਹ ਫ਼ੈਸਲਾ ਕੀਤਾ ਜਾ ਸਕੇ, ਕਿ ਉਸਦੀ ਸਹਾਇਤਾ ਲਈ ਕੀ ਕੀਤਾ ਜਾਣਾ ਚਾਹੀਦਾ ਹੈ।

ਜਾਂ ਸ਼ੈਰਿਫ਼ ਇਹ ਫ਼ੈਸਲਾ ਕਰ ਸਕਦਾ ਹੈ ਕਿ ਕੇਸ ਖ਼ਤਮ ਹੋ ਗਿਆ ਹੈ ਅਤੇ ਇਸਨੂੰ ਵਾਪਸ ਬੱਚਿਆਂ ਸੰਬੰਧੀ ਸੁਣਵਾਈ ਲਈ ਭੇਜਣ ਦੀ ਲੋੜ ਨਹੀਂ ਹੈ।

ਰਿਪੋਰਟਰ ਜਾਂ ਵਕੀਲ ਤੁਹਾਨੂੰ ਨਤੀਜੇ ਬਾਰੇ ਦਸ ਸਕਦੇ ਹਨ। ਜੇ ਤੁਹਾਨੂੰ ਨਤੀਜੇ ਬਾਰੇ ਪੱਕਾ ਪਤਾ ਨਹੀਂ ਜਾਂ ਇਹ ਤੁਹਾਨੂੰ ਪੂਰੀ ਤਰ੍ਹਾਂ ਸਮਝ ਨਹੀਂ ਆਇਆ ਤਾਂ ਤੁਹਾਨੂੰ ਰਿਪੋਰਟਰ ਜਾਂ ਵਕੀਲ ਕੋਲੋਂ ਪਤਾ ਲਾਉਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਇਹ ਫ਼ੈਸਲਾ ਤੁਹਾਨੂੰ ਸਪੱਸ਼ਟ ਕਰਕੇ ਦਸਣ ਦੀ ਆਗਿਆ ਹੈ।

ਨਤੀਜਾ ਜੋ ਵੀ ਹੋਵੇ, ਯਾਦ ਰਖੋ ਕਿ ਇਕ ਗਵਾਹ ਵਜੋਂ ਤੁਹਾਡਾ ਕੰਮ, ਕੇਸ ਦਾ ਇਕ ਬੜਾ ਅਹਿਮ ਹਿੱਸਾ ਸੀ।

# ਸਹਾਇਤਾ ਦੀ ਮੰਗ ਕਰਨਾ ਯਾਦ ਰਖੋ

ਕੇਸ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਰਿਪੋਰਟਰ, ਸੋਸ਼ਲ ਵਰਕਰ ਜਾਂ ਵਕੀਲ ਕੋਲੋਂ ਕੋਈ ਵੀ ਅਜਿਹੀ ਗਲ ਪੁਛ ਲੈਣੀ ਚਾਹੀਦੀ ਹੈ, ਜਿਸ ਬਾਰੇ ਤੁਹਾਨੂੰ ਪੱਕਾ ਪਤਾ ਨਾਂਹ ਹੋਵੇ।

ਤੁਹਾਨੂੰ ਹਮੇਸ਼ਾ ਉਨ੍ਹਾਂ ਨੂੰ ਉਹ ਗਲ ਦਸ ਦੇਣੀ ਚਾਹੀਦੀ ਹੈ, ਜਿਸ ਤੋਂ ਤੁਸੀਂ ਚਿੰਤਾਤੁਰ ਹੋਵੋ। ਉਨ੍ਹਾਂ ਨੂੰ ਦਸੋ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ।

ਤੁਹਾਨੂੰ ਇਹ ਪੱਕ ਕਰਨਾ ਚਾਹੀਦਾ ਹੈ, ਕਿ ਤੁਹਾਨੂੰ ਕੋਰਟ ਰੂਮ ਜਾਂ ਕੋਈ ਹੋਰ ਟੈਲੀਵਿਯਨ ਲਿੰਕ ਵਾਲਾ ਕਮਰਾ ਵੇਖਣ ਦਾ ਮੌਕਾ ਮਿਲੇ।

ਤੁਹਾਨੂੰ ਇਨ੍ਹਾਂ ਗਲਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ:

- ਤੁਸੀਂ ਕਿਹੜੇ ਵਿਸ਼ੇਸ਼ ਢੰਗਾਂ ਦੀ ਵਰਤੋਂ ਨੂੰ ਤਰਜੀਹ ਦਿੰਦੇ ਹੋ
- ਤੁਸੀਂ ਆਪਣੇ ਨਾਲ ਕੀ ਲੈ ਕੇ ਜਾਣਾ ਚਾਹੁੰਦੇ ਹੋ
- ਤੁਹਾਡੇ ਨਾਲ ਕੌਣ ਜਾਏਗਾ
- ਤੁਹਾਡਾ ਸਮਰਥਨ ਕਰਨ ਵਾਲਾ ਵਿਅਕਤੀ ਕੌਣ ਹੋਵੇਗਾ
- ਤੁਹਾਨੂੰ ਹੋਰ ਕਿਸ ਸਹਾਇਤਾ ਦੀ ਲੋੜ ਹੋ ਸਕਦੀ ਹੈ

ਜਦੋਂ ਤੁਸੀਂ ਗਵਾਹੀ ਦੇ ਰਹੇ ਹੋਵੋ, ਜੇ ਤੁਹਾਨੂੰ ਕਿਸੇ ਮਦਦ ਦੀ ਜ਼ਰੂਰਤ ਹੋਵੇ, ਤਾਂ ਤੁਹਾਨੂੰ ਕੋਰਟ ਵਿੱਚ ਵਿਅਕਤੀਆਂ ਨੂੰ ਦਸਣਾ ਚਾਹੀਦਾ ਹੈ।

ਤੁਹਾਨੂੰ ਕੋਰਟ ਦੇ ਵਿਅਕਤੀਆਂ ਨੂੰ ਦਸਣਾ ਚਾਹੀਦਾ ਹੈ ਜੇ:

- ਤੁਹਾਨੂੰ ਕੋਈ ਗਲ ਸਮਝ ਨਹੀਂ ਆਉਂਦੀ
- ਤੁਹਾਨੂੰ ਟਿਸ਼ੂ ਜਾਂ ਪੀਣ ਲਈ ਪਾਣੀ ਚਾਹੀਦਾ ਹੈ
- ਤੁਸੀਂ ਅਸਵਸਥ ਜਾਂ ਥਕਾਵਟ ਮਹਿਸੂਸ ਕਰਨ ਲਗ ਪੈਂਦੇ ਹੋ

ਹਰ ਕੋਈ ਤੁਹਾਡੀ ਜਿੰਨੀ ਵੀ ਮਦਦ ਹੋ ਸਕੇ, ਕਰਨ ਦੀ ਕੋਸ਼ਿਸ਼ ਕਰੇਗਾ।

# ਸਵਾਲ?

ਚੰਗਾ ਤਾਂ ਇਹ ਹੈ ਕਿ ਜੇ ਤੁਸੀਂ ਗਵਾਹ ਬਣਨ ਦੇ ਸੰਬੰਧ ਵਿੱਚ ਕੋਈ ਸਵਾਲ ਪੁਛਣੇ ਚਾਹੋ, ਤਾਂ ਉਨ੍ਹਾਂ ਨੂੰ ਲਿਖ ਲਉ, ਤਾਂ ਜੋ ਇਨ੍ਹਾਂ ਨੂੰ ਰਿਪੋਰਟਰ, ਸੋਸ਼ਲ ਵਰਕਰ ਜਾਂ ਵਕੀਲ ਜਾਂ ਉਸ ਵਿਅਕਤੀ ਨੂੰ ਵਿਖਾ ਸਕੋ, ਜੋ ਤੁਹਾਨੂੰ ਕੋਰਟ ਦਾ ਚਕਰ ਲਗਵਾ ਕੇ ਵਖ ਵਖ ਥਾਵਾਂ ਵਿਖਾਉਂਦਾ ਹੈ।

ਹੇਠ ਲਿਖੀਆਂ ਗਲਾਂ ਬਾਰੇ ਸੋਚੋ ਅਤੇ ਜਵਾਬ ਦੇਣ ਦੀ ਕੋਸ਼ਿਸ਼ ਕਰੋ:

| ਸਵਾਲ? | ਜਵਾਬ |
|---|---|
| ਜੇ ਮੈਂ ਰਿਪੋਰਟਰ ਜਾਂ ਵਕੀਲ ਨੂੰ ਮਿਲਾਂ ਤਾਂ ਮੈਂ ਕੀ ਚਾਹੁੰਦਾ ਹਾਂ ਕਿ ਮੇਰੇ ਨਾਲ ਕੌਣ ਹੋਵੇ? | |
| ਮੈਂ ਰਿਪੋਰਟਰ ਜਾਂ ਵਕੀਲ ਨੂੰ ਕਿਥੇ ਮਿਲਣਾ ਚਾਹੁੰਦਾ ਹਾਂ? | |
| ਕੀ ਮੈਂ ਸਕ੍ਰੀਨ ਦੀ ਵਰਤੋਂ ਕਰਨੀ ਚਾਹੁੰਦਾ ਹਾਂ ਜਾਂ ਟੀਵੀ ਲਿੰਕ ਦੀ? | |
| ਕੀ ਮੈਂ ਚਾਹੁੰਦਾ ਹਾਂ ਕਿ ਮੇਰੇ ਨਾਲ ਸਮਰਥਨ ਲਈ ਇਕ ਵਿਅਕਤੀ ਹੋਵੇ? | |
| ਕੌਣ ਮੇਰਾ ਸਮਰਥਨ ਵਿਅਕਤੀ ਹੋ ਸਕਦਾ ਹੈ? | |
| ਮੈਨੂੰ ਕਿਨ੍ਹਾਂ ਗਲਾਂ ਦੀ ਚਿੰਤਾ ਹੈ? | |
| ਕੀ ਮੈਂ ਕੋਰਟ ਵੇਖਣ ਲਈ ਜਾਣਾ ਚਾਹੁੰਦਾ ਹਾਂ? | |
| ਮੈਂ ਸ਼ੈਰਿਫ਼ ਨੂੰ ਕਿਵੇਂ ਸੰਬੋਧਨ ਕਰਾਂਗਾ? | |

# ਕੀ ਤੁਹਾਡੇ ਕੋਈ ਹੋਰ ਸਵਾਲ ਹਨ?

| ਸਵਾਲ? | ਜਵਾਬ |
|---|---|
| | |
| | |
| | |
| | |
| | |

ਰਿਪੋਰਟਰ, ਵਕੀਲ ਜਾਂ ਸੋਸ਼ਲ ਵਰਕਰ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦੇਣ ਦਾ ਜਤਨ ਕਰਨਗੇ।

ਸਾਡੀ ਨਿਆਂ ਪ੍ਰਣਾਲੀ ਗਵਾਹਾਂ 'ਤੇ ਭਰੋਸਾ ਕਰਦੀ ਹੈ ਕਿ ਉਹ ਕੋਰਟ ਵਿੱਚ ਆਉਣਗੇ ਅਤੇ ਉਹ ਸਭ ਕੁਝ ਸੱਚ ਬਿਆਨ ਕਰਨਗੇ, ਜੋ ਉਹ ਜਾਣਦੇ ਹਨ।

ਗਵਾਹਾਂ ਤੋਂ ਬਿਨਾਂ ਕੋਰਟਾਂ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦੀਆਂ।

ਯਾਦ ਰਖੋ ਹਰ ਗਵਾਹ ਪੂਰੇ ਕੇਸ ਦਾ ਸਿਰਫ਼ ਇਕ ਹਿੱਸਾ ਹੁੰਦਾ ਹੈ।

ਜਦੋਂ ਤੁਸੀਂ ਇਕ ਗਵਾਹ ਹੁੰਦੇ ਹੋ, ਤਾਂ ਤੁਸੀਂ ਇਸ ਗਲ ਲਈ ਜ਼ਿਮੇਵਾਰ ਨਹੀਂ; ਕਿ ਕੋਰਟ ਕੀ ਕਰਨ ਦਾ ਫ਼ੈਸਲਾ ਕਰਦੀ ਹੈ।

ਗਵਾਹ ਬਣਨ ਲਈ ਤੁਹਾਡਾ ਧੰਨਵਾਦ।

# ਗਲਾਸਰੀ - ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹਨ?

ਕੋਰਟ ਵਿੱਚ ਲੋਕ ਅਜਿਹੇ ਸ਼ਬਦ ਵਰਤਦੇ ਹਨ, ਜੋ ਸ਼ਾਇਦ ਅਸੀਂ ਪਹਿਲਾਂ ਨਾਂਹ ਸੁਣੇ ਹੋਣ। ਹੇਠਾਂ ਉਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਲਿਸਟ ਦਿਤੀ ਗਈ ਹੈ:

ਇਲਜ਼ਾਮ: ਕੋਈ ਉਹ ਗਲ ਜੋ ਕਿਸੇ ਦੇ ਕਹਿਣ ਅਨੁਸਾਰ ਵਾਪਰੀ ਹੈ

ਸੰਮਨ: ਸਰਕਾਰੀ ਫ਼ਾਰਮ ਜਾਂ ਪਤੱਰ, ਜਿਸ ਵਿੱਚ ਗਵਾਹ ਨੂੰ ਇਕ ਖ਼ਾਸ ਕੋਰਟ ਵਿੱਚ ਇਕ ਨਿਸਚਤ ਤਾਰੀਖ਼ ਨੂੰ ਪੇਸ਼ ਹੋਣ ਲਈ ਕਿਹਾ ਜਾਂਦਾ ਹੈ

ਕਲਰਕ (ਕੋਰਟ ਦਾ): ਉਹ ਵਿਅਕਤੀ ਜੋ ਕੋਰਟ ਦੇ ਕਾਗ਼ਜ਼ ਪਤੱਰ ਅਤੇ ਰਿਕਾਰਡ ਰਖਦਾ ਹੈ

ਜਿਰ੍ਹਾ: ਜਿਹੜਾ ਵਿਅਕਤੀ ਗਵਾਹ ਨੂੰ ਕੋਰਟ ਵਿੱਚ ਬੁਲਾਉਂਦਾ ਹੈ, ਉਸਤੋਂ ਬਾਅਦ ਹੋਰ ਵਕੀਲ (ਵਕੀਲਾਂ) ਵਲੋਂ ਸਵਾਲ ਪੁਛੇ ਜਾਣ ਦੀ ਪ੍ਰਕਿਰਿਆ ਵੇਖੋ - ਐਗਜ਼ੈਮੀਨੇਸ਼ਨ (ਇਨ ਚੀਫ਼)

ਕੋਰਟ ਕੇਸ: ਕੋਰਟ ਵਿੱਚ ਇਕ ਨਿਸਚਤ ਮੁਕਦੱਮਾ ਜਾਂ ਕਾਰਵਾਈ - ਵੇਖੋ ਸੁਣਵਾਈ

ਕੋਰਟ ਅਫ਼ਸਰ (ਜਿਸਨੂੰ ਕਦੀ ਕਦੀ ਮੇਸਰ ਕਿਹਾ ਜਾਂਦਾ ਹੈ): ਉਹ ਵਿਅਕਤੀ ਜੋ ਸ਼ੈਰਿਫ਼ ਦੀ ਸਹਾਇਤਾ ਕਰਦਾ ਹੈ ਉਹ ਹਰ ਗਵਾਹ ਨੂੰ ਕੋਰਟ ਵਿੱਚ ਬੁਲਾਉਣ ਦਾ ਕੰਮ ਵੀ ਕਰਦਾ ਹੈ

ਕੋਰਟ ਦੀ ਫੇਰੀ: ਕੋਰਟ ਵਿੱਚ ਸੁਣਵਾਈ ਤੋਂ ਪਹਿਲਾਂ ਇਕ ਗਵਾਹ ਵਲੋਂ ਇਹ ਵੇਖਣ ਲਈ ਕਿ ਇਹ ਸਥਾਨ ਕਿਸਤਰ੍ਹਾਂ ਦਾ ਹੈ ਅਤੇ ਕੋਰਟ ਦੀ ਕਾਰਜ ਵਿਧੀ ਬਾਰੇ ਹੋਰ ਜਾਣਕਾਰੀ ਲਈ ਕੋਰਟ ਵਿੱਚ ਜਾਣਾ

ਬੱਚਿਆਂ ਸੰਬੰਧੀ ਸੁਣਵਾਈ: ਇਸ ਵਿੱਚ ਰਿਪੋਰਟਰ ਅਤੇ ਹੋਰ ਵਿਅਕਤੀ, ਬੱਚੇ ਨਾਲ ਸੰਬੰਧਤ ਸਰੋਕਾਰਾਂ 'ਤੇ ਮਿਲਕੇ ਵਿਚਾਰ ਕਰਦੇ ਹਨ

ਗਵਾਹੀ: ਗਵਾਹ ਕੋਰਟ ਵਿੱਚ ਜੋ ਕੁਝ ਕਹਿੰਦਾ ਹੈ - ਇਹ ਸਬੂਤ ਵੀ ਹੋ ਸਕਦੇ ਹਨ ਜਿਵੇਂ ਕਿ ਫ਼ੋਟੋ, ਕਪੜੇ ਜਾਂ ਚਿਤਰ, ਜੋ ਕੋਰਟ ਵਿੱਚ ਇਹ ਦਸਣ ਲਈ ਪੇਸ਼ ਕੀਤੇ ਜਾਂਦੇ ਹਨ ਕਿ ਕੀ ਹੋਇਆ ਸੀ

ਐਗਜ਼ੈਮੀਨੇਸ਼ਨ (ਇਨ ਚੀਫ਼): ਗਵਾਹ ਨੂੰ ਅਦਾਲਤ ਵਿੱਚ ਬੁਲਾਉਣ ਵਾਲੇ ਵਕੀਲ ਵਲੋਂ ਸਵਾਲ ਪੁਛੇ ਜਾਣ ਦੀ ਪ੍ਰਕਿਰਿਆ। ਇਹ ਵਕੀਲ ਕਿਸੇ ਵੀ ਹੋਰ ਵਕੀਲ ਤੋਂ ਪਹਿਲਾਂ ਗਵਾਹ ਕੋਲੋਂ ਸਵਾਲ ਪੁਛਦਾ ਹੈ - ਵੇਖੋ ਜਿਰ੍ਹਾ

ਸੁਣਵਾਈ: ਇਹ ਬੱਚਿਆਂ ਸੰਬੰਧੀ ਸੁਣਵਾਈ ਜਾਂ ਕੋਰਟ ਦੀ ਸੁਣਵਾਈ ਹੋ ਸਕਦੀ ਹੈ। ਇਸ ਤੋਂ ਭਾਵ ਉਹ ਤਾਰੀਖ਼ ਅਤੇ ਸਮਾਂ ਹੈ, ਜਦੋਂ ਸਾਰੇ ਵਿਅਕਤੀ ਮਿਲ ਕੇ ਕੇਸ 'ਤੇ ਵਿਚਾਰ ਕਰਦੇ ਹਨ ਜਾਂ ਗਵਾਹੀਆਂ ਸੁਣਦੇ ਹਨ - ਵੇਖੋ ਬੱਚਿਆਂ ਸੰਬੰਧੀ ਸੁਣਵਾਈ

ਸ਼ਨਾਖ਼ਤ: ਗਵਾਹ ਵਲੋਂ ਉਸ ਆਦਮੀ ਜਾਂ ਇਸਤਰੀ ਵਲ ਇਸ਼ਾਰਾ ਕੀਤਾ ਜਾਣਾ, ਜਿਸਦਾ ਕਿ ਉਹ ਜ਼ਿਕਰ ਕਰ ਰਿਹਾ ਹੁੰਦਾ ਹੈ - ਕੁਝ ਹਾਲਤਾਂ ਵਿੱਚ ਇਹ ਕੋਰਟ ਕੇਸ ਆਰੰਭ ਹੋਣ ਤੋਂ ਪਹਿਲਾਂ ਹੁੰਦਾ ਹੈ, ਜਾਂ ਇਹ ਕੋਰਟ ਵਿੱਚ ਹੋ ਸਕਦਾ ਹੈ।

ਸਹੁੰ: ਇਹ ਗਵਾਹ ਵਲੋਂ ਕੋਰਟ ਵਿੱਚ ਬਿਆਨ ਦੇਣ ਸਮੇਂ ਚੁਕੀ ਜਾਣ ਵਾਲੀ ਧਾਰਮਕ ਸਹੁੰ ਹੈ ਕਿ ਉਹ ਸੱਚ ਬੋਲੇਗਾ - ਗਵਾਹ ਸਹੁੰ ਚੁਕੇ ਬਿਨਾਂ ਵੀ ਸੱਚ ਬੋਲਣ ਦਾ ਵਚਨ ਦੇ ਸਕਦਾ ਹੈ - ਤੁਸੀਂ ਇਹਦੇ ਲਈ ਕਹਿ ਸਕਦੇ ਹੋ

ਪਹਿਲੀ ਸੁਣਵਾਈ: ਗਵਾਹ ਦੀ ਰਿਪੋਰਟਰ ਜਾਂ ਵਕੀਲ ਨਾਲ ਇੰਟਰਵਿਊ, ਜਿਸ ਨਾਲ ਉਨ੍ਹਾਂ ਨੂੰ ਕੋਰਟ ਕੇਸ ਤੋਂ ਪਹਿਲਾਂ ਤਿਆਰੀ ਕਰਨ ਵਿੱਚ ਮਦਦ ਮਿਲਦੀ ਹੈ

ਪ੍ਰੋਡਕਸ਼ਨਜ਼: ਉਹ ਚੀਜ਼ਾਂ ਜੋ ਕੋਰਟ ਵਿੱਚ ਸਬੂਤ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਪਤੱਰ ਜਾਂ ਕਪੜੇ

ਰਿਪੋਰਟਰ: ਉਹ ਵਿਅਕਤੀ ਜੋ ਬੱਚੇ ਦੇ ਹਿਤਾਂ ਦਾ ਧਿਆਨ ਰਖਦਾ ਹੈ ਅਤੇ ਬੱਚਿਆਂ ਸੰਬੰਧੀ ਸੁਣਵਾਈ ਵੇਲੇ ਅਤੇ ਕੋਰਟ ਦੀ ਸੁਣਵਾਈ ਵੇਲੇ ਮੌਜੂਦ ਹੁੰਦਾ ਹੈ

ਸੇਫ਼ਗਾਰਡਰ: ਬੱਚੇ ਦੇ ਹਿਤਾਂ ਦਾ ਧਿਆਨ ਰਖਣ ਲਈ ਨਿਯੁਕਤ ਕੀਤਾ ਜਾਣ ਵਾਲਾ ਇਕ ਸੁਤੰਤਰ ਵਿਅਕਤੀ

ਸ਼ੈਰਿਫ਼: ਸ਼ੈਰਿਫ਼-ਕੋਰਟ ਵਿੱਚ ਜੱਜ ਦਾ ਨਾਂਅ

ਸੋਸ਼ਲ ਵਰਕਰ: ਉਹ ਵਿਅਕਤੀ ਜੋ ਬੱਚਿਆਂ ਅਤੇ ਬਾਲਗ਼ਾਂ ਨਾਲ, ਜਦੋਂ ਉਨ੍ਹਾਂ ਨੂੰ ਵਧੀਕ ਸਹਾਇਤਾ ਜਾਂ ਨਿਗਰਾਨੀ ਦੀ ਜ਼ਰੂਰਤ ਹੁੰਦੀ ਹੈ, ਮਿਲ ਕੇ ਕੰਮ ਕਰਦਾ ਹੈ

ਵਿਸ਼ੇਸ਼ ਢੰਗ: ਇਕ ਬਾਲ ਗਵਾਹ ਜਾਂ ਕਮਜ਼ੋਰ ਬਾਲਗ਼ ਵਲੋਂ ਗਵਾਹੀ ਦਿਤੇ ਜਾਣ ਵੇਲੇ ਉਨ੍ਹਾਂ ਦੀ ਸਹਾਇਤਾ ਦੇ ਵਖ ਵਖ ਤਰੀਕੇ - ਜਿਵੇਂ ਕਿ ਟੈਲੀਵਿਯਨ ਲਿੰਕ ਜਾਂ ਸਕ੍ਰੀਨ - ਵੇਖੋ ਸਮਰਥਨ ਵਿਅਕਤੀ

ਬਿਆਨ: ਗਵਾਹ ਵਲੋਂ ਕਹੀਆਂ ਗਈਆਂ ਗਲਾਂ ਬਾਰੇ ਪੁਲੀਸ ਵਲੋਂ ਦਰਜ ਕੀਤਾ ਗਿਆ ਬਿਆਨ ਜਾਂ ਰਿਕਾਰਡਿੰਗ

ਸਮਰਥਨ ਵਿਅਕਤੀ: ਉਹ ਵਿਅਕਤੀ ਜੋ ਕੋਰਟ ਵਿੱਚ ਗਵਾਹ ਦੇ ਆਉਣ 'ਤੇ ਉਸ ਨਾਲ ਰਹਿ ਸਕਦਾ ਹੈ - ਵੇਖੋ ਵਿਸ਼ੇਸ਼ ਢੰਗ

ਗਵਾਹ: ਉਹ ਵਿਅਕਤੀ ਜਿਸਨੂੰ ਕਿਸੇ ਘਟਨਾ ਬਾਰੇ ਜਾਣਕਾਰੀ ਹੁੰਦੀ ਹੈ ਅਤੇ ਉਸਨੂੰ ਇਹ ਜਾਣਕਾਰੀ ਕੋਰਟ ਨੂੰ ਦਸਣੀ ਪੈ ਸਕਦੀ ਹੈ - ਵੇਖੋ ਗਵਾਹੀ

ਵਿਟਨੈੱਸ ਸਰਵਿਸ (ਗਵਾਹ ਸੇਵਾ): ਕੋਰਟ ਵਿੱਚ ਉਹ ਵਿਅਕਤੀ ਜੋ ਸਾਰੇ ਗਵਾਹਾਂ ਨੂੰ ਸਮਰਥਨ ਅਤੇ ਸਲਾਹ ਪ੍ਰਦਾਨ ਕਰਦੇ ਹਨ

# ਤੁਹਾਡੇ ਨੋਟ

ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ, ਬੇਨਤੀ ਕੀਤੇ ਜਾਣ 'ਤੇ, ਆਡਿਓ, ਵਡੇ ਅੱਖਰਾਂ ਅਤੇ ਕਮਿਊਨਿਟੀ ਭਾਸ਼ਾਵਾਂ ਵਿੱਚ ਉਪਲਬਧ ਹਨ। ਕਿਰਪਾ ਕਰਕੇ 0131 244 2213 'ਤੇ ਸੰਪਰਕ ਕਰੋ।

© ਕ੍ਰਾਉਨ ਕਾਪੀਰਾਈਟ 2005

ਇਹ ਦਸਤਾਵੇਜ਼ ਸਕਾਟਿਸ਼ ਐਗਜ਼ੈਕਟਿਵ ਦੀ ਵੈਬੱਸਾਈਟ: www.scotland.gov.uk 'ਤੇ ਵੀ ਉਪਲਬਧ ਹੈ।

Astron B41393 06/05 (Punjabi)

ਹੋਰ ਕਾਪੀਆਂ ਇਸ ਪਤੇ 'ਤੇ ਉਪਲਬਧ ਹਨ
Blackwell's Bookshop
53 South Bridge
Edinburgh
EH1 1YS

ਟੈਲੀਫ਼ੋਨ 'ਤੇ ਆਰਡਰ ਦੇਣ ਅਤੇ ਪੁਛਾਂ ਲਈ
0131 622 8283 ਜਾਂ 0131 622 8258

ਫ਼ੈਕਸ ਦੁਆਰਾ ਆਰਡਰ
0131 557 8149

ਈਮੇਲ ਦੁਆਰਾ ਆਰਡਰ
business.edinburgh@blackwell.co.uk

ਇਸ ਦਸਤਾਵੇਜ਼ ਨੂੰ ਮੂਲ ਦਸਤਾਵੇਜ਼ ਦਾ ਸਹੀ ਰੂਪ ਮੰਨਿਆ ਜਾਂਦਾ ਹੈ

**w w w . s c o t l a n d . g o v . u k**